# ਸਰਕਾਰੀ ਕਾਲਜ ਲੜਕੀਆਂ, ਪਟਿਆਲਾ

# Govt. College for Girls, Patiala

**NAAC ACCREDITED (Grade A)**



## ਪ੍ਰਾਸਪੈਕਟਸ
## PROSPECTUS
## 2025-2026


**Tel. : +91 175-2213228 | Fax : +91 175-2222189**

**Email: gcwpatiala@gmail.com | website: www.gcgpatiala.com**

# ਸਰਕਾਰੀ ਕਾਲਜ ਲੜਕੀਆਂ, ਪਟਿਆਲਾ

## ਦ੍ਰਿਸ਼ਟੀਕੋਣ

**ਵੱਧ ਤੋਂ ਵੱਧ ਲੜਕੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਤਾਂ ਜੋ ਉਨ੍ਹਾਂ ਦਾ ਮਾਨਸਿਕ ਵਿਕਾਸ ਹੋਵੇ ਅਤੇ ਉਹ ਉੱਚੇ ਆਚਰਣ ਦੀਆਂ ਮਾਲਕ ਬਣਨ ਅਤੇ ਸਵੈ-ਨਿਰਭਰ ਹੋ ਸਕਣ।**

## Vision

***To Impact quality education to greater number of girls in order to build their character, strengthen their minds and make them self-reliant.***

## ਉਦੇਸ਼

ਸਮਾਜ ਦੇ ਸਾਰੇ ਵਰਗਾਂ, ਖਾਸ ਕਰਕੇ ਪੇਂਡੂ ਅਤੇ ਪਛੜੇ ਵਰਗਾਂ ਦੀਆਂ ਲੜਕੀਆਂ ਨੂੰ ਸਿੱਖਿਅਤ ਅਤੇ ਸਸ਼ਕਤ ਕਰਨਾ।

ਲੜਕੀਆਂ ਨੂੰ ਮਿਆਰੀ ਵਿੱਦਿਆ ਪ੍ਰਦਾਨ ਕਰਨਾ, ਜ਼ਿੰਦਗੀ ਅਤੇ ਸਮਾਜ ਪ੍ਰਤੀ ਉਸਾਰੂ ਰਵੱਈਆਂ ਅਪਨਾਉਣ ਲਈ ਪ੍ਰੇਰਿਤ ਕਰਨਾ।

ਉਨ੍ਹਾਂ ਦੇ ਮਾਨਸਿਕ ਗਿਆਨ ਵਿੱਚ ਵਾਧਾ ਕਰਨਾ ਅਤੇ ਉਨ੍ਹਾਂ ਨੂੰ ਕਿੱਤਾ ਮੁੱਖੀ ਬਣਾਉਣਾ।

ਉਨ੍ਹਾਂ ਦੇ ਵਿਅਕਤਿਤਵ ਨੂੰ ਇਸ ਤਰ੍ਹਾਂ ਨਿਖਾਰਨਾ ਤਾਂ ਜੋ ਉਹ ਜ਼ਿੰਦਗੀ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਸਕਣ।

## *Mission*

To enrich and empower girls from all sections of society particularly from the weaker sections and rural areas.

To Impart quality education and to develop healthy positive outlook among girls towards life and society.

To widen their mental horizon, to equip them professionally and make them career oriented.

To chisel their personalities to face the rough and tumble of life.





# ਸੰਦੇਸ਼



ਸਤਿ ਸ੍ਰੀ ਅਕਾਲ !

ਮੈਂ, ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਦੇ ਪ੍ਰਿੰਸੀਪਲ ਵਜੋਂ, ਤੁਹਾਡਾ ਇਸ ਸੰਸਥਾ ਵਿੱਚ ਸਵਾਗਤ ਕਰਦੀ ਹਾਂ। ਸਾਡੀ ਇਹ ਸੰਸਥਾ ਸਿੱਖਿਆ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ, ਜਿਸਦਾ ਮੁੱਖ ਉਦੇਸ਼ ਗੁਣਵੱਤਾਪੂਰਨ ਸਿੱਖਿਆ ਦੇਣ ਦੇ ਨਾਲ-ਨਾਲ ਵਿਦਿਆਰਥੀਆਂ ਵਿੱਚ ਨੈਤਿਕ ਮੁੱਲ, ਆਤਮ-ਵਿਸ਼ਵਾਸ, ਅਤੇ ਆਧੁਨਿਕ ਯੁੱਗ ਦੀਆਂ ਲੋੜਾਂ ਅਨੁਸਾਰ ਤਕਨੀਕੀ ਯੋਗਤਾਵਾਂ ਵਿਕਸਿਤ ਕਰਨਾ ਹੈ।

ਸਾਡੀ ਸੰਸਥਾ ਦੀ ਸ਼ੁਰੂਆਤ 1942 ਵਿੱਚ ਹੋਈ ਸੀ ਅਤੇ ਤਦ ਤੋਂ ਲੈ ਕੇ ਅੱਜ ਤੱਕ ਇਹ ਆਪਣੀ ਪਛਾਣ ਇਮਾਨਦਾਰੀ, ਮਿਹਨਤ ਅਤੇ ਸਮਰਪਣ ਰਾਹੀਂ ਬਣਾਉਂਦੀ ਆ ਰਹੀ ਹੈ। ਸਾਡਾ ਵਿਸ਼ਵਾਸ ਹੈ ਕਿ ਹਰ ਬੱਚਾ ਵਿਲੱਖਣ ਹੁਨਰ ਅਤੇ ਸਮਰੱਥਾ ਨਾਲ ਭਰਪੂਰ ਹੁੰਦਾ ਹੈ। ਸਾਡੀ ਕੋਸ਼ਿਸ਼ ਰਹੀ ਹੈ ਕਿ ਅਸੀਂ ਉਨ੍ਹਾਂ ਦੇ ਅੰਦਰ ਲੁਕੇ ਹੋਏ ਗੁਣਾਂ ਨੂੰ ਉਭਾਰ ਸਕੀਏ ਅਤੇ ਉਨ੍ਹਾਂ ਨੂੰ ਇਕ ਸੱਚਾ ਨਾਗਰਿਕ ਬਣਾਉਣ ਵਿੱਚ ਯੋਗਦਾਨ ਪਾਈਏ।

ਸਿੱਖਿਆ ਸਿਰਫ ਪੁਸਤਕਾਂ ਦੀ ਜਾਣਕਾਰੀ ਤੱਕ ਸੀਮਤ ਨਹੀਂ ਹੁੰਦੀ। ਸਿੱਖਿਆ ਉਹ ਸਾਧਨ ਹੈ ਜੋ ਮਨੁੱਖ ਨੂੰ ਸੋਚਣ, ਸਮਝਣ ਅਤੇ ਸਮਾਜ ਵਿੱਚ ਆਪਣਾ ਯੋਗਦਾਨ ਪਾਉਣ ਲਈ ਤਿਆਰ ਕਰਦੀ ਹੈ। ਸਾਡਾ ਕੋਰਸ ਢਾਂਚਾ ਐਸਾ ਤਿਆਰ ਕੀਤਾ ਗਿਆ ਹੈ ਜੋ ਕਿ ਵਿਦਿਆਰਥੀਆਂ ਦੀ ਬੌਧਿਕ, ਸੈਲਾਨੀ, ਆਤਮਿਕ ਅਤੇ ਸਮਾਜਿਕ ਵਿਕਾਸ ਵਿੱਚ ਮੱਦਦ ਕਰਦਾ ਹੈ। ਅਸੀਂ ਅਧਿਆਪਕਾਂ ਨੂੰ ਕੇਵਲ ਗਿਆਨ ਦੇਣ ਵਾਲੇ ਨਹੀਂ, ਸਗੋਂ ਪ੍ਰੇਰਕ, ਮਾਰਗਦਰਸ਼ਕ ਅਤੇ ਮਿੱਤਰ ਮੰਨਦੇ ਹਾਂ।

ਸਾਡੀ ਸੰਸਥਾ ਵਿਦਿਆਰਥਣਾਂ ਨੂੰ ਸਿੱਖਣ ਦੀਆਂ ਸਾਰਥਕ ਮੌਕਿਆਂ ਨਾਲ ਜੋੜਦੀ ਹੈ ਜਿਵੇਂ ਕਿ ਵਿਗਿਆਨ ਪ੍ਰਦਰਸ਼ਨੀਆਂ, ਕਲਾ-ਸੱਭਿਆਚਾਰਕ ਪ੍ਰੋਗਰਾਮ, ਖੇਡਾਂ ਅਤੇ ਸਮਾਜ ਸੇਵਾ। ਇਹ ਸਾਰੀਆਂ ਗਤੀਵਿਧੀਆਂ ਉਨ੍ਹਾਂ ਦੀਆਂ ਸਾਰੀਆਂ ਗੁਣਾਤਮਕ ਯੋਗਤਾਵਾਂ ਨੂੰ ਨਿਖਾਰਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

ਅਸੀਂ ਮੰਨਦੇ ਹਾਂ ਕਿ ਕਾਲਜ ਅਤੇ ਮਾਪਿਆਂ ਦੇ ਵਿਚਕਾਰ ਸਮਝਦਾਰੀ ਅਤੇ ਸਾਂਝੇ ਯਤਨ ਨਾਲ ਹੀ ਵਿਦਿਆਰਥਣਾਂ ਦਾ ਪੂਰਾ ਵਿਕਾਸ ਸੰਭਵ ਹੈ। ਇਸ ਲਈ ਅਸੀਂ ਸਦਾ ਮਾਪਿਆਂ ਨਾਲ ਸੰਜੋਗ ਬਣਾਈ ਰੱਖਦੇ ਹਾਂ ਅਤੇ ਉਨ੍ਹਾਂ ਦੀਆਂ ਸੁਝਾਵਾਂ ਅਤੇ ਚਿੰਤਾਵਾਂ ਨੂੰ ਸੰਵੇਦਨਸ਼ੀਲਤਾ ਨਾਲ ਸੁਣਦੇ ਹਾਂ।

ਸਰਕਾਰੀ ਕਾਲਜ ਲੜਕੀਆਂ ਪਟਿਆਲਾ ਵਿੱਚ ਸਾਡੀ ਕੋਸ਼ਿਸ਼ ਰਹੀ ਹੈ ਕਿ ਅਸੀਂ ਆਧੁਨਿਕ ਤਕਨਾਲੋਜੀ ਨਾਲ ਭਰਪੂਰ ਕਲਾਸਰੂਮ, ਲਾਇਬ੍ਰੇਰੀ, ਵਿਗਿਆਨ ਲੈਬ, ਕੰਪਿਊਟਰ ਲੈਬ ਅਤੇ ਖੇਡ ਮੈਦਾਨ ਉਪਲੱਬਧ ਕਰਾਈਏ ਤਾਂ ਜੋ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਦਾ ਅਨੁਭਵ ਹੋਵੇ।

ਸਾਡਾ ਇਹ ਮੰਨਣਾ ਹੈ ਕਿ ਵਿਦਿਆਰਥਣਾਂ ਸਿਰਫ਼ ਅੰਕਾਂ ਦੀ ਦੌੜ ਵਿੱਚ ਨਹੀਂ, ਸਗੋਂ ਇਕ ਵਧੀਆ ਮਨੁੱਖ ਬਣਨ ਦੀ ਦਿਸ਼ਾ ਵਿੱਚ ਅੱਗੇ ਵੱਧਣ। ਅਸੀਂ ਉਨ੍ਹਾਂ ਨੂੰ ਸਿੱਖਾਉਂਦੇ ਹਾਂ ਕਿ ਨਿਰਭਰਤਾ, ਸਹਿਯੋਗ, ਆਦਰ, ਜ਼ਿੰਮੇਵਾਰੀ ਅਤੇ ਨੇਕਦਿੱਲੀ ਵਰਗੇ ਗੁਣ ਜੀਵਨ ਵਿੱਚ ਸਭ ਤੋਂ ਵੱਡੀ ਕਾਬਲੀਅਤ ਹਨ।

ਪਿਆਰੇ ਵਿਦਿਆਰਥੀਓ, ਤੁਸੀਂ ਭਵਿੱਖ ਦੇ ਨਿਰਮਾਤਾ ਹੋ। ਤੁਹਾਡੀ ਸਫਲਤਾ ਸਿਰਫ ਤੁਹਾਡੀ ਨਹੀਂ, ਸਾਡੀ ਸੰਸਥਾ, ਤੁਹਾਡੇ ਮਾਪਿਆਂ ਅਤੇ ਸਮੂਹ ਸਮਾਜ ਦੀ ਵੀ ਸਫਲਤਾ ਹੈ। ਤੁਸੀਂ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਇਹ ਜ਼ਿੰਮੇਵਾਰੀ ਭਰਪੂਰ ਤਰੀਕੇ ਨਾਲ ਨਿਭਾਓ। ਅਸੀਂ ਤੁਹਾਡੇ ਹਰ ਕਦਮ 'ਤੇ ਤੁਹਾਡੇ ਨਾਲ ਖੜੇ ਹਾਂ। ਇਸ ਸੰਸਥਾ ਨੇ ਸਮਾਜ, ਖੇਡਾਂ, ਸੱਭਿਆਚਾਰਕ ਆਦਿ ਖੇਤਰਾਂ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ।

ਅੰਤ ਵਿੱਚ, ਮੈਂ ਇਸ ਸੰਸਥਾ ਵਿੱਚ ਦਾਖਲਾ ਲੈ ਰਹੀਆਂ ਨਵੀਆਂ ਵਿਦਿਆਰਥਣਾਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਸਦਭਾਵਨਾ ਨਾਲ ਸਵਾਗਤ ਕਰਦੀ ਹਾਂ। ਆਓ, ਅਸੀਂ ਮਿਲ ਕੇ ਇੱਕ ਨਵਾਂ ਇਤਿਹਾਸ ਲਿਖੀਏ—ਸਿੱਖਿਆ, ਸੰਸਕਾਰ ਅਤੇ ਉੱਚ ਆਦਰਸ਼ਾਂ ਨਾਲ ਭਰਪੂਰ।

ਸ਼ੁਭਕਾਮਨਾਵਾਂ ਸਹਿਤ।

**ਸ਼੍ਰੀਮਤੀ ਰੇਨੂੰ**
**ਪ੍ਰਿੰਸੀਪਲ**



ਕਾਲਜ ਪ੍ਰਿੰਸੀਪਲ, ਸਰੀਰਕ ਸਿੱਖਿਆ ਵਿਭਾਗ ਅਤੇ ਕਾਲਜ ਦੇ ਸਟਾਫ਼ ਮੈਂਬਰ
ਸਾਲਾਨਾ ਖੇਡ ਸਮਾਰੋਹ ਦੇ ਉਦਘਾਟਨ ਤੇ
ਸ੍ਰੀ ਤੇਜਿੰਦਰ ਮਹਿਤਾ, ਜਿਲ੍ਹਾ ਪ੍ਰਧਾਨ, ਆਮ ਆਦਮੀ ਪਾਰਟੀ,
ਪਟਿਆਲਾ ਜੀ ਦੇ ਸ਼ਿਰਕਤ ਕਰਨ ਤੇ
ਸਨਮਾਨ ਚਿੰਨ੍ਹ ਭੇਟ ਕਰਦੇ ਹੋਏ।



ਕਾਲਜ ਪ੍ਰਿੰਸੀਪਲ ਰੇਨੂੰ ਨੂੰ ਸਨਮਾਨਿਤ ਕਰਦੇ ਹੋਏ
ਐਨ.ਐਸ.ਐਸ. ਇੰਚਾਰਜ ਅਤੇ ਕਮੇਟੀ ਮੈਂਬਰਜ਼

# ਵਿਸ਼ਾ-ਸੂਚੀ


| ਲੜੀ ਨੰ. | ਵਿਸ਼ਾ | ਪੰਨਾ |
|---|---|---|
| 1. | ਕਾਲਜ ਦਾ ਇਤਿਹਾਸ | 2 |
| 2. | ਕਾਲਜ ਸਟਾਫ | 4 |
| 3. | ਵਿਦਿਅਕ ਵਰ੍ਹਾ 2025-26 ਲਈ ਵੱਖ-ਵੱਖ ਕਲਾਸਾਂ ਦੇ ਦਾਖਲੇ ਸੰਬੰਧੀ ਕਮੇਟੀਆਂ | 8 |
| 4. | ਨਵੀਂ ਸਿੱਖਿਆ ਨੀਤੀ, 2020 ਅਨੁਸਾਰ ਉਪਲੱਬਧ ਰੈਗੂਲਰ ਕੋਰਸ | 9 |
| 5. | ਵਿਸ਼ਿਆਂ ਦੇ ਜੁੱਟ | 10 |
| 6. | ਦਾਖਲੇ ਸੰਬੰਧੀ ਕਲਾਸਾਂ ਅਨੁਸਾਰ ਵਿਸ਼ੇ ਹੇਠ ਲਿਖਤ ਹਨ: | 11 |
| | 1. ਬੀ.ਐਸ.ਸੀ ਮੈਡੀਕਲ, ਬੀ.ਐਸ.ਸੀ ਮੈਡੀਕਲ (ਕੰਪਿਊਟਰ ਸਾਇੰਸ): ਭਾਗ-ਪਹਿਲਾ | 11 |
| | 2. ਬੀ.ਐਸਸੀ ਮੈਡੀਕਲ, ਬੀ.ਐਸਸੀ ਮੈਡੀਕਲ (ਕੰਪਿਊਟਰ ਸਾਇੰਸ): ਭਾਗ-ਦੂਜਾ | 11 |
| | 3. ਬੀ.ਐਸਸੀ ਮੈਡੀਕਲ, ਬੀ.ਐਸਸੀ ਮੈਡੀਕਲ (ਕੰਪਿਊਟਰ ਸਾਇੰਸ): ਭਾਗ-ਤੀਜਾ | 11 |
| | 4. ਬੀ.ਏ. (BA) ਭਾਗ ਪਹਿਲਾ | 11 |
| | 5. ਬੀ.ਏ. (BA) ਭਾਗ ਦੂਜਾ | 12 |
| | 6. ਬੀ.ਏ. (BA) ਭਾਗ ਤੀਜਾ | 12 |
| | 7. ਬੀ.ਏ. ਆਨਰਜ਼ ਸਕੂਲ (ਅੰਗਰੇਜੀ, ਇਤਿਹਾਸ, ਪੋਲੀਟੀਕਲ ਸਾਇੰਸ, ਸਾਈਕਾਲੋਜੀ, ਇਕਨੋਮਿਕਸ ਅਤੇ ਹਿੰਦੀ) (ਭਾਗ-ਪਹਿਲਾ ਅਤੇ ਭਾਗ-ਦੂਜਾ) | 13 |
| | 8. ਬੀ.ਏ. ਆਨਰਜ਼ ਸਕੂਲ ਭਾਗ ਤੀਜਾ ਦੇ ਵਿਦਿਆਰਥੀਆਂ ਉੱਪਰ ਨਵੀਂ ਸਿੱਖਿਆ ਨੀਤੀ ਲਾਗੂ ਨਹੀਂ ਹੁੰਦੀ ਹੈ ਜਿਸ ਕਰਕੇ ਉਹ ਆਪਣੇ ਪੁਰਾਣੇ ਚੁਣੇ ਵਿਸ਼ਿਆਂ ਦੀ ਲਗਾਤਾਰਤਾ ਵਿੱਚ ਹੀ ਪੜ੍ਹਨਗੇ। | 13 |
| 7. | ਰਾਖਵੀਆਂ ਸੀਟਾਂ (Reservation of Seats) | 14 |
| 8. | ਦਾਖ਼ਲਾ ਲੈਣ ਸਮੇਂ ਧਿਆਨ ਰੱਖਣ ਯੋਗ ਗੱਲਾਂ | 15 |
| 9. | ਦਾਖ਼ਲੇ ਲਈ ਅਯੋਗ ਵਿਦਿਆਰਥੀ | 16 |
| 10. | ਸੈਸ਼ਨ 2025-26 ਦਾ ਕਲਾਸ ਅਨੁਸਾਰ ਫ਼ੀਸ ਦਾ ਵੇਰਵਾ | 17 |
| 11. | ਫੀਸ ਅਦਾਇਗੀ ਦੇ ਨਿਯਮ (Rules regarding payment of fees) | 18 |
| 12. | ਰੋਲ ਆਫ਼ ਆਨਰ ਕਾਲਜ ਅਤੇ ਮੈਰਿਟ ਸਰਟੀਫਿਕੇਟ (Roll of Honour,College Colour & Merit Certificate) | 24 |
| 13. | ਹੋਸਟਲ ਵਿੱਚ ਦਾਖ਼ਲੇ ਸਬੰਧੀ ਨਿਯਮ (Rules for Admission to Hostel) | 29 |

# ਕਾਲਜ ਦਾ ਇਤਿਹਾਸ

**'ਸਤਿਅਮ ਸ਼ਿਵਮ ਸੁੰਦਰਮ'** ਉਦੇਸ਼ ਦੀ ਸ਼੍ਰੇਸ਼ਠਤਾ ਨੂੰ ਸਾਰਥਕ ਕਰਦਾ ਸਰਕਾਰੀ ਕਾਲਜ ਲੜਕੀਆਂ, ਪਟਿਆਲਾ, ਅੱਜ ਤੋਂ ਪੌਣੀ ਸਦੀ ਪਹਿਲਾਂ ਜੂਨ 1942 ਵਿੱਚ ਸਥਾਪਿਤ ਹੋਇਆ।

ਮੁੱਢ ਵਿੱਚ ਵਿਕਟੋਰੀਆ ਇੰਟਰ ਗਰਲਜ਼ ਕਾਲਜ ਦੇ ਨਾਂ ਨਾਲ ਜਾਣੀ ਜਾਂਦੀ ਇਹ ਸੰਸਥਾ ਕੁੜੀਆਂ ਨੂੰ ਉਚੇਰੀ ਸਿੱਖਿਆ ਦੇਣ ਦੇ ਮੰਤਵ ਨਾਲ ਹੋਂਦ ਵਿੱਚ ਆਈ। ਇਹ ਕਾਲਜ ਸ਼ੁਰੂ ਵਿੱਚ ਵਿਕਟੋਰੀਆ ਗਰਲਜ਼ ਸਕੂਲ ਦਾ ਹੀ ਵਿਸਥਾਰ ਸੀ। ਇਸ ਕਾਲਜ ਦੀ ਵਾਗਡੋਰ ਵੀ 1942-1950 ਤੱਕ ਵਿਕਟੋਰੀਆ ਗਰਲਜ਼ ਸਕੂਲ ਦੀ ਮੁੱਖ ਅਧਿਆਪਕਾ ਮਿਸ ਲਲਿਤਾ ਸੇਨ ਦੇ ਕੁਸ਼ਲ ਹੱਥਾਂ ਵਿੱਚ ਸੀ। ਉਨ੍ਹਾਂ ਨੂੰ ਕਾਲਜ ਦੇ ਪਹਿਲੇ ਪ੍ਰਿੰਸੀਪਲ ਹੋਣ ਦਾ ਮਾਣ ਵੀ ਪ੍ਰਾਪਤ ਹੈ।

1950 ਵਿੱਚ ਪੈਪਸੂ ਸਰਕਾਰ ਵੱਲੋਂ ਇਸ ਕਾਲਜ ਦਾ ਦਰਜਾ ਇੰਟਰ ਕਾਲਜ ਤੋਂ ਵਧਾ ਕੇ ਡਿਗਰੀ ਕਾਲਜ ਕਰ ਦਿੱਤਾ ਗਿਆ ਅਤੇ ਇਸਦਾ ਨਾਂ ਸਰਕਾਰੀ ਕਾਲਜ ਇਸਤਰੀਆਂ (ਗੌਰਮਿੰਟ ਕਾਲਜ ਫਾਰ ਵਿਮੈਨ) ਕਰ ਦਿੱਤਾ ਗਿਆ। ਇਸ ਕਾਲਜ ਨੂੰ ਪੈਪਸੂ ਸਰਕਾਰ ਵੱਲੋਂ ਲੜਕੀਆਂ ਲਈ ਸਥਾਪਿਤ ਪਹਿਲਾ ਡਿਗਰੀ ਕਾਲਜ ਹੋਣ ਦਾ ਮਾਣ ਪ੍ਰਾਪਤ ਹੈ। 1951 ਤੱਕ ਇਸ ਕਾਲਜ ਦੀਆਂ ਕਲਾਸਾਂ ਢੇਹ ਵਾਲੀ ਕੋਠੀ, ਬਾਰਾਂਦਰੀ, ਪਟਿਆਲਾ ਵਿਖੇ ਲੱਗਣ ਲਗੀਆਂ। 1952 ਵਿੱਚ ਇਸ ਕਾਲਜ ਨੂੰ ਭੂਪਿੰਦਰਾ ਕੋਠੀ (ਮੌਜੂਦਾ ਸਮੇਂ ਵਿਚ ਸਰਕਾਰੀ ਕਾਲਜ ਲੜਕੀਆਂ ਦਾ ਇੱਕ ਹਿੱਸਾ) ਵਿੱਚ ਤਬਦੀਲ ਕਰ ਦਿੱਤਾ ਗਿਆ।

ਉਪਰੋਕਤ ਸਾਲਾਂ ਵਿੱਚ ਹੀ ਕਾਲਜ ਦੀ ਆਧੁਨਿਕ ਇਮਾਰਤ ਦਾ ਨਿਰਮਾਣ ਹੋਇਆ। ਮੌਖਿਕ ਇਤਿਹਾਸ ਦੱਸਦਾ ਹੈ ਕਿ ਸਮਾਜ ਵਿੱਚ ਕੁੜੀਆਂ ਦੇ ਮਹੱਤਵ ਦਾ ਸਤਿਕਾਰ ਕਰਦਿਆਂ ਇਹ ਕਾਲਜ ਦਾ ਨੀਂਹ ਪੱਥਰ ਕਾਲਜ ਦੀਆਂ ਪੰਜ ਵਿਦਿਆਰਥਣਾਂ ਦੇ ਹੱਥੋਂ ਰਖਵਾਇਆ ਗਿਆ।

ਇਸ ਕਾਲਜ ਦਾ ਮਾਣ ਮੱਤਾ ਇਤਿਹਾਸ ਇਸ ਗੱਲ ਦੀ ਵੀ ਸਾਖੀ ਭਰਦਾ ਹੈ ਕਿ ਇਸ ਦਾ ਰਸਮੀਂ ਨੀਂਹ ਪੱਥਰ ਭਾਰਤ ਦੇ ਦੂਜੇ ਰਾਸ਼ਟਰਪਤੀ ਸੁਪ੍ਰਸਿੱਧ ਵਿਦਵਾਨ ਅਤੇ ਸਿੱਖਿਆ ਸਾਸ਼ਤਰੀ ਸਰਵਪੱਲੀ ਡਾ.ਰਾਧਾ ਕ੍ਰਿਸ਼ਨਨ ਨੇ 17 ਜਨਵਰੀ 1954 ਨੂੰ ਆਪਣੇ ਕਰ ਕਮਲਾਂ ਨਾਲ ਰੱਖਿਆ।

23 ਮਾਰਚ, 1954 ਨੂੰ ਪਟਿਆਲਾ ਰਿਆਸਤ ਦੀ ਮਹਾਰਾਣੀ ਮਹਿੰਦਰ ਕੌਰ ਨੇ ਇਸ ਖੂਬਸੂਰਤ ਇਮਾਰਤ ਦਾ ਉਦਘਾਟਨ ਕੀਤਾ ਅਤੇ ਕੁੜੀਆਂ ਲਈ ਉੱਚ ਸਿੱਖਿਆ ਦਾ ਰਾਹ ਖੋਲਿਆ।

1992 ਵਿੱਚ ਕਾਲਜ ਦੇ ਗੋਲਡਨ ਜੁਬਲੀ ਸਮਾਰੋਹ (ਸਵਰਨ ਜੈਯੰਤੀ) ਦੇ ਮੌਕੇ ਤਤਕਾਲੀਨ ਮੁੱਖ ਮੰਤਰੀ ਸ. ਬੇਅੰਤ ਸਿੰਘ ਜੀ ਵੱਲੋਂ ਇਸ ਦਾ ਨਾਂ ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਕਰਨ ਦੀ ਘੋਸ਼ਣਾ ਕੀਤੀ ਗਈ।

ਇੰਟਰ ਕਾਲਜ ਦੇ ਤੌਰ ਤੇ ਹੋਂਦ ਵਿੱਚ ਆਈ ਇਹ ਸੰਸਥਾ ਸਮੇਂ ਦੇ ਹਾਣ ਦਾ ਹੋਣ ਲਈ ਨਿਰੰਤਰ ਯਤਨਸ਼ੀਲ ਹੈ। ਇਸ ਸਮੇਂ ਇਸ ਕਾਲਜ ਵਿੱਚ ਬੀ. ਏ. (ਆਰਟਸ), ਬੀ.ਐਸ.ਸੀ ਮੈਡੀਕਲ, ਬੀ.ਐਸ.ਸੀ. ਕੰਪਿਊਟਰ ਐਪਲੀਕੇਸ਼ਨ, ਬੀ.ਐਸ.ਸੀ. ਹੋਮ ਸਾਇੰਸ, ਤੋਂ ਇਲਾਵਾ ਪੋਸਟ ਗਰੈਜੂਏਟ ਪੱਧਰ ਤੇ ਐਮ. ਏ. ਫਾਈਨ ਆਰਟਸ, ਐਮ.ਐਸ.ਸੀ. ਫੂਡ ਐਂਡ ਨਿਊਟ੍ਰੀਸ਼ਨ (1981), ਐਮ.ਏ.ਡਾਂਸ (1987), ਐਮ.ਏ. ਮਿਊਜਿਕ ਵੋਕਲ ਕਲਾਸਾਂ ਵੀ ਸਫਲਤਾਪੂਰਵਕ ਚੱਲ ਰਹੀਆਂ ਹਨ। ਸਿੱਖਿਆ ਖੇਤਰ ਵਿੱਚ ਮੁਕਾਬਲੇ ਦੀ ਦੌੜ ਨੂੰ ਦੇਖਦਿਆਂ ਸੈਲਫ ਫਾਇਨਾਂਸ ਸਕੀਮ ਤਹਿਤ 'HEIS' ਵਲੋਂ ਇਸ ਕਾਲਜ ਐਮ.ਐਸ.ਸੀ.ਆਈ.ਟੀ. (ਰੈਗੂਲਰ, ਲੇਟਰਲ), ਬੀ.ਐਸ.ਸੀ. ਬਾਇਓਟੈਕਨਾਲੌਜੀ, ਬੀ.ਸੀ.ਏ., ਪੀ.ਜੀ.ਡੀ.ਸੀ.ਏ. ਆਦਿ ਦੇ ਕੋਰਸ ਵੀ ਕਰਵਾਏ ਜਾ ਰਹੇ ਹਨ। ਕਾਲਜ ਵਿਖੇ ਵੋਕੇਸ਼ਨਲ ਵਿਸ਼ਾ ਫੰਕਸ਼ਨਲ ਇੰਗਲਿਸ਼ ਪੜ੍ਹਾਇਆ ਜਾਂਦਾ ਹੈ ਅਤੇ ਇਕਨਾਮਿਕਸ, ਰਾਜਨੀਤੀ ਸ਼ਾਸ਼ਤਰ, ਮਨੋਵਿਗਿਆਨ, ਹਿੰਦੀ ਅਤੇ ਸੰਸਕ੍ਰਿਤ ਵਿੱਚ ਆਨਰਜ਼ ਦੀ ਪੜ੍ਹਾਈ ਵੀ ਕਰਵਾਈ ਜਾਂਦੀ ਹੈ।

ਵਿਦਿਆਰਥਣਾਂ ਦੀ ਸਖਸੀਅਤ ਨੂੰ ਨਿਖਾਰਨ ਅਤੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ ਖੇਡਾਂ, ਸਹਿ ਵਿਦਿਅਕ ਸਰਗਰਮੀਆਂ (ਐਨ.ਐਸ.ਐਸ., Red Ribbon ਐਨ.ਸੀ.ਸੀ., ਰੈੱਡ ਕਰਾਸ) ਆਦਿ ਦਾ ਵੀ ਪ੍ਰਬੰਧ ਹੈ।

ਮਾਲਵੇ ਖਿੱਤੇ ਦਾ ਇਹ ਇੱਕੋ ਇੱਕ ਸਰਕਾਰੀ ਕਾਲਜ ਹੈ ਜਿੱਥੇ ਦੂਰ-ਦੁਰਾਡੇ ਪਿੰਡਾਂ, ਸ਼ਹਿਰਾਂ ਅਤੇ ਰਾਜਾਂ ਤੋਂ ਇੱਥੇ ਆ ਕੇ ਸਿੱਖਿਆ ਪ੍ਰਾਪਤ ਕਰਨ ਦੀਆਂ ਚਾਹਵਾਨ ਵਿਦਿਆਰਥਣਾਂ ਲਈ ਹੋਸਟਲ ਦਾ ਪ੍ਰਬੰਧ ਹੈ। ਇੱਥੇ ਵਿਦਿਆਰਥਣਾਂ ਨੂੰ ਰਹਿਣ ਅਤੇ ਪੜ੍ਹਨ ਲਈ ਸੁਖਾਵਾਂ, ਸਵੱਛ ਅਤੇ ਸੁਰੱਖਿਅਤ ਵਾਤਾਵਰਣ ਪ੍ਰਦਾਨ ਕੀਤਾ ਜਾਂਦਾ ਹੈ।

ਕਾਲਜ ਵਿਖੇ ਵਿਦਿਆਰਥਣਾਂ ਲਈ ਸ਼ਾਨਦਾਰ ਲਾਇਬ੍ਰੇਰੀ ਵੀ ਹੈ। ਵਿਦਿਆਰਥਣਾਂ ਦੇ ਬੋਧਿਕ ਵਿਕਾਸ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਬੇਸ਼ਕੀਮਤੀ ਪੁਸਤਕਾਂ ਤੇ ਮੈਗਜੀਨ ਉਪਲੱਬਧ ਹਨ।

ਭਾਰਤ ਸਰਕਾਰ ਵੱਲੋਂ 'ਡਿਜੀਟਲ ਇੰਡੀਆ' ਮੁਹਿੰਮ ਤਹਿਤ ਪੰਜਾਬ ਸਰਕਾਰ ਵੱਲੋਂ ਚੁਣਿਆ ਗਿਆ ਇਹ ਪਹਿਲਾ ਕਾਲਜ ਹੈ। ਜਿਸ ਦੇ ਅਕਾਦਮਿਕ ਅਤੇ ਪ੍ਰਸ਼ਾਸ਼ਨਿਕ ਕੰਮਾਂ ਨੂੰ ਡਿਜੀਟਲਾਇਜ ਕਰਨ ਲਈ ਈ-ਆਫਿਸ (E-Office) ਸ਼ੁਰੂ ਕੀਤਾ ਗਿਆ ਹੈ। New Computer Block, New Canteen, New Garden, New Wi-Fi Campus, New Smart Classrooms, New Virtual Classrooms ਉਪਲੱਬਧ ਹਨ। ਨੈੱਕ ਵੱਲੋਂ 'A Grade' ਪ੍ਰਾਪਤ ਕਰਨ ਦਾ ਮਾਣ ਹਾਸਿਲ ਹੈ।

ਸਾਡਾ ਮਿਸ਼ਨ ਹੈ ਪੇਂਡੂ, ਕਮਜ਼ੋਰ ਅਤੇ ਪਿਛੜੇ ਵਰਗ ਦੀਆਂ ਕੁੜੀਆਂ ਨੂੰ ਪੜ੍ਹਾਈ ਲਈ ਸਿਹਤਮੰਦ ਵਾਤਾਵਰਨ ਪ੍ਰਦਾਨ ਕਰਨਾ ਤਾਂ ਜੋ ਉਹ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਪ੍ਰੇਰਿਤ ਹੋਣ ਅਤੇ ਜਿੰਦਗੀ ਵਿੱਚ ਬੁਲੰਦੀਆਂ ਨੂੰ ਛੂਹ ਸਕਣ।

ਇਸੇ ਭਾਵਨਾ ਤਹਿਤ ਇਹ ਸੰਸਥਾ ਪੌਣੀ ਸਦੀ ਤੋਂ ਕੁੜੀਆਂ ਦੀ ਉੱਚ ਸਿੱਖਿਆ ਨੂੰ ਸਮਰਪਿਤ ਹੈ। ਇਸ ਸੰਸਥਾ ਦੀ ਤਰੱਕੀ ਪਿੱਛੇ ਉਨ੍ਹਾਂ ਪ੍ਰਤਿਭਾਸ਼ਾਲੀ ਸਖਸ਼ੀਅਤਾਂ ਦਾ ਭਰਪੂਰ ਯੋਗਦਾਨ ਹੈ ਜਿਨ੍ਹਾਂ ਨੇ ਸਮੇਂ-ਸਮੇਂ ਤੇ ਇਸਦਾ ਕਾਰਜ ਭਾਰ ਸੰਭਾਲਿਆ ਅਤੇ ਆਪਣੀ ਅਣਥੱਕ ਮਿਹਨਤ, ਲਗਨ, ਸੂਝ-ਬੂਝ ਅਤੇ ਨਿਸ਼ਕਾਮ ਸੇਵਾ ਨਾਲ ਇਸ ਸੰਸਥਾ ਨੂੰ ਅੱਜ ਦੇ ਸਥਾਨ ਤੇ ਪਹੁੰਚਾਇਆ।

ਸਰਕਾਰੀ ਕਾਲਜ ਲੜਕੀਆਂ ਪਟਿਆਲਾ ਬੱਸ ਅੱਡਾ ਅਤੇ ਰੇਲਵੇ ਸਟੇਸ਼ਨ ਪਟਿਆਲਾ ਤੋਂ ਚਾਰ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ।

# ਕਾਲਜ ਸਟਾਫ਼

## ਪ੍ਰਿੰਸੀਪਲ : ਸ੍ਰੀਮਤੀ ਰੇਨੂ, ਪੀ.ਈ.ਐਸ.-1

**ਅੰਗ੍ਰੇਜ਼ੀ**

1. ਅਸਿ. ਪ੍ਰੋ. ਮਨਜਿੰਦਰ ਕੌਰ
2. ਐਸੋ. ਪ੍ਰੋ. ਸੋਨੀਆ
3. ਅਸਿ. ਪ੍ਰੋ. ਹਰਪ੍ਰੀਤ ਕੌਰ
4. ਅਸਿ. ਪ੍ਰੋ. (ਡਾ.) ਪੰਕਜ ਕਪੂਰ
5. ਅਸਿ. ਪ੍ਰੋ. ਆਸ਼ੀਮਾ ਬਜਾਜ
6. ਅਸਿ. ਪ੍ਰੋ. (ਡਾ.) ਅਵਿਸ਼ ਸੇਤੀਆ
7. ਅਸਿ. ਪ੍ਰੋ. (ਡਾ.) ਰਿਤਿਕਾ ਅਗਨੀਹੋਤਰੀ
8. ਅਸਿ. ਪ੍ਰੋ. (ਡਾ.) ਜਗਦੀਸ਼ ਕੌਰ

**ਪੰਜਾਬੀ**

1. ਅਸਿ. ਪ੍ਰੋ. ਪ੍ਰਭਜੋਤ ਕੌਰ
2. ਅਸਿ. ਪ੍ਰੋ. (ਡਾ.) ਰਮਨਦੀਪ ਕੌਰ
3. ਅਸਿ. ਪ੍ਰੋ. ਰਿੰਪੀ ਕੌਰ
4. ਅਸਿ. ਪ੍ਰੋ. ਜਸਵਿੰਦਰ ਕੌਰ
5. ਅਸਿ. ਪ੍ਰੋ. ਸਰਬਜੀਤ ਕੌਰ
6. ਅਸਿ. ਪ੍ਰੋ. ਸੋਨੀਆ ਸ਼ਰਮਾ
7. ਅਸਿ. ਪ੍ਰੋ. ਨਿਰੰਦਰਪਾਲ ਕੌਰ
8. ਅਸਿ. ਪ੍ਰੋ. ਅਭਿਨੀਤ ਕੌਰ
9. ਅਸਿ. ਪ੍ਰੋ. ਕੁਲਤਾਰ ਸਿੰਘ
10. ਅਸਿ. ਪ੍ਰੋ. ਪਰਮਜੀਤ ਕੌਰ

**ਹਿੰਦੀ**

1. ਅਸਿ. ਪ੍ਰੋ. (ਡਾ.) ਬਲਵਿੰਦਰ ਕੌਰ
2. ਅਸਿ. ਪ੍ਰੋ. (ਡਾ.) ਪਰਵੀਨ ਬਾਲਾ

**ਸੰਸਕ੍ਰਿਤ**

1. ਖਾਲੀ

**ਇਕਨਾਮਿਕਸ**

1. ਅਸਿ. ਪ੍ਰੋ. (ਡਾ.) ਮੀਤਿਕਾ ਗੋਇਲ

**ਹਿਸਟਰੀ**

1. ਐਸੋ. ਪ੍ਰੋ. (ਡਾ.) ਅਨਿਲਾ ਸੁਲਤਾਨਾ
2. ਐਸੋ. ਪ੍ਰੋ. ਸਕਿੰਦਰ ਕੌਰ
3. ਅਸਿ. ਪ੍ਰੋ. ਸੰਦੀਪ ਸਿੰਘ

**ਰਾਜਨੀਤੀ ਸ਼ਾਸ਼ਤਰ**

1. ਅਸਿ. ਪ੍ਰੋ. ਸ਼ਾਮ ਸੁੰਦਰ ਸ਼ਰਮਾ
2. ਅਸਿ. ਪ੍ਰੋ. ਰਜਿੰਦਰ ਕੌਰ
3. ਅਸਿ. ਪ੍ਰੋ. (ਡਾ.) ਪੂਜਾ ਬਾਂਸਲ

**ਹੋਮ ਸਾਇੰਸ**

1. ਅਸਿ. ਪ੍ਰੋ. (ਡਾ.) ਈਸ਼ਵਰਪ੍ਰੀਤ ਕੌਰ
2. ਅਸਿ. ਪ੍ਰੋ. ਲਕਸ਼ਮੀ ਗੇਟ
3. ਖਾਲੀ
4. ਖਾਲੀ

**ਗਣਿਤ**

1. ਅਸਿ. ਪ੍ਰੋ. (ਡਾ.) ਆਂਚਲ ਅਗਰਵਾਲ
2. ਅਸਿ. ਪ੍ਰੋ. ਡਿੰਪਲ ਰਾਣੀ

**ਜ਼ੌਗਰਫ਼ੀ**

1. ਅਸਿ. ਪ੍ਰੋ. ਅੰਜਲੀ ਸ਼ਰਮਾ
2. ਅਸਿ. ਪ੍ਰੋ. ਗੁਰਧਿਆਨ ਸਿੰਘ
3. ਅਸਿ. ਪ੍ਰੋ. ਕਮਲਦੀਪ ਕੌਰ
4 ਅਸਿ. ਪ੍ਰੋ. (ਡਾ.) ਮਨਜੀਤ ਕੌਰ

**ਸਾਇਕਾਲੌਜੀ**

1. ਅਸਿ. ਪ੍ਰੋ. (ਡਾ.) ਲੀਨਾ ਭਾਰਤੀ
2. ਅਸਿ. ਪ੍ਰੋ. (ਡਾ.) ਅਰੂਸ਼ੀ
3. ਖਾਲੀ

**ਸੰਗੀਤ ਗਾਇਨ**

1. ਅਸਿ. ਪ੍ਰੋ. ਤੇਜਿੰਦਰ ਕੌਰ
2. ਅਸਿ. ਪ੍ਰੋ. (ਡਾ.) ਸਾਕਸ਼ੀ
3. ਖਾਲੀ

**ਸੰਗੀਤ ਵਾਦਨ**

1. ਅਸਿ. ਪ੍ਰੋ. (ਡਾ.) ਸ਼ਾਇਨਾ
2. ਅਸਿ. ਪ੍ਰੋ. ਗੁਰਪ੍ਰੀਤ ਸਿੰਘ

**ਡਾਂਸ**

1. ਐਸੋ. ਪ੍ਰੋ. (ਡਾ.) ਪੁਸ਼ਪਿੰਦਰ ਕੌਰ
2. ਅਸਿ. ਪ੍ਰੋ. (ਡਾ.) ਕੁਲਵਿੰਦਰ ਕੌਰ
3. ਅਸਿ. ਪ੍ਰੋ. ਜੈਸਮੀਨ
4. ਅਸਿ. ਪ੍ਰੋ. (ਡਾ.) ਸੀਮਾ ਸ਼ਰਮਾ

**ਕੰਪਿਊਟਰ ਸਾਇੰਸ**

1. ਅਸਿ. ਪ੍ਰੋ. ਸੰਦੀਪ ਕੁਮਾਰ ਜਿੰਦਲ
2. ਅਸਿ. ਪ੍ਰੋ. ਗਗਨਦੀਪ ਕੌਰ
3. ਅਸਿ. ਪ੍ਰੋ. (ਡਾ.) ਨੇਹਾ ਖੰਨਾ

**ਫਾਈਨ ਆਰਟਸ**

1. ਐਸੋ. ਪ੍ਰੋ. ਰਣਜੀਤ ਕੌਰ
2. ਅਸਿ. ਪ੍ਰੋ. ਮਨਪ੍ਰੀਤ ਕੌਰ
3. ਅਸਿ. ਪ੍ਰੋ. ਸੁਭਾਸ਼ ਚੰਦਰ
4. ਅਸਿ. ਪ੍ਰੋ. ਅੰਜੂ
5. ਅਸਿ. ਪ੍ਰੋ. ਜਸਰੀਨ ਮਨਚੰਦਾ

**ਫਿਲਾਸਫ਼ੀ**

1. ਅਸਿ. ਪ੍ਰੋ. ਜਗਦੀਪ ਸਿੰਘ

**ਫਿਜੀਕਲ ਐਜੂਕੇਸ਼ਨ**

1. ਅਸਿ. ਪ੍ਰੋ. (ਡਾ.) ਬਲਜੀਤ ਕੌਰ
2. ਅਸਿ. ਪ੍ਰੋ. ਨਵਜੋਤ ਕੌਰ
3. ਅਸਿ. ਪ੍ਰੋ. (ਡਾ.) ਉਪਮਾ ਭਗਤ

**ਸੋਸ਼ਿਆਲੌਜੀ**

1. ਅਸਿ. ਪ੍ਰੋ. ਨਿਰਮਲ ਸਿੰਘ
2. ਅਸਿ. ਪ੍ਰੋ. (ਡਾ.) ਸੁਮਿਤਾ

**ਫੋਕ ਆਰਟ ਐਂਡ ਕਲਚਰ**

1. ਅਸਿ. ਪ੍ਰੋ. ਸੁਰਿੰਦਰ ਕੌਰ
2. ਅਸਿ. ਪ੍ਰੋ. ਅਮਨਦੀਪ ਕੌਰ

**ਕੈਮਿਸਟਰੀ**

1. ਅਸਿ. ਪ੍ਰੋ. (ਡਾ.) ਅੰਜਨਦੀਪ ਕੌਰ

**ਫਿਜਿਕਸ**

1. ਅਸਿ. ਪ੍ਰੋ. (ਡਾ.) ਅਨੁਜ ਗੁਪਤਾ
2. ਅਸਿ. ਪ੍ਰੋ. (ਡਾ.) ਸ਼ਿਵਾਨੀ ਸ਼ਰਮਾ

**ਜੁਆਲੌਜੀ**

1. ਅਸਿ. ਪ੍ਰੋ. ਗਗਨਦੀਪ ਕੌਰ
2. ਅਸਿ. ਪ੍ਰੋ. (ਡਾ.) ਸ਼ਿਵਾਨੀ ਸਿੰਗਲ

**ਬਾਟਨੀ**

1. ਅਸਿ. ਪ੍ਰੋ. ਪੂਜਾ ਗੋਇਲ
2. ਅਸਿ. ਪ੍ਰੋ. ਹਰਪ੍ਰੀਤ ਕੌਰ

**ਵਾਤਾਵਰਣ ਸਿੱਖਿਆ**

1. ਅਸਿ. ਪ੍ਰੋ. ਰਿਚਾ ਬਾਂਸਲ

**ਐਚ.ਈ.ਆਈ.ਐਸ.**

1. ਅਸਿ. ਪ੍ਰੋ. ਸੰਦੀਪ ਕੌਰ, ਬਾਇਓਟੈਕਨਾਲੌਜੀ
2. ਅਸਿ. ਪ੍ਰੋ. ਪਰਨੀਤ ਕੌਰ, ਬਾਇਓਟੈਕਨਾਲੌਜੀ
3. ਅਸਿ. ਪ੍ਰੋ. ਟੀਨਾ, ਕੰਪਿਊਟਰ ਐਪ.
4. ਅਸਿ. ਪ੍ਰੋ. ਮਨਮੀਤ ਕੌਰ, ਕੰਪਿਊਟਰ ਐਪ.
5. ਅਸਿ. ਪ੍ਰੋ. ਹਰਜੀਤ ਕੌਰ, ਪੰਜਾਬੀ
6. ਅਸਿ. ਪ੍ਰੋ. ਸੋਨੀਆ, ਅੰਗ੍ਰੇਜ਼ੀ
7. ਅਸਿ. ਪ੍ਰੋ. ਅਨੁਪਮਾ ਸ਼ਰਮਾ, ਕੰਪਿਊਟਰ ਐਪ.
8. ਅਸਿ. ਪ੍ਰੋ. ਸਿਮਰਨ, ਕਾਮਰਸ

# ਨਾਨ-ਟੀਚਿੰਗ

**ਲਾਇਬ੍ਰੇਰੀਅਨ**

1. ਸ਼੍ਰੀ ਅਨਿਲ ਕੁਮਾਰ
2. ਸ. ਅਮਰਵੀਰ ਸਿੰਘ ਮਾਨ

**ਸੁਪਰਡੈਂਟ**

1. ਖਾਲੀ

**ਹੋਸਟਲ ਸੁਪਰਡੈਂਟ**

1. ਖਾਲੀ

**ਸਟੈਨੋ ਟਾਈਪਿਸਟ**

1. ਸ੍ਰੀਮਤੀ ਹਰਪ੍ਰੀਤ ਕੌਰ

**ਕਲਰਕ**

1. ਸ਼੍ਰੀਮਤੀ ਮੀਤੂਬਾਲਾ, ਜੂਨੀ. ਸਹਾਇਕ
2. ਸ. ਗੁਰਸੇਵਕ ਸਿੰਘ

3 5 ਖਾਲੀ

**ਲਾਇਬ੍ਰੇਰੀ ਰਿਸਟੋਰਰ**

1- 2. ਖਾਲੀ

**ਐਸ.ਐਲ.ਏ.**

1. ਸ. ਕੁਲਵਿੰਦਰ ਸਿੰਘ

2-8 ਖਾਲੀ

**ਜੇ.ਐਲ.ਏ. (ਸਾਇੰਸ)**

1-9 ਖਾਲੀ

**ਤਬਲਾ ਇੰਸਟ੍ਰਕਟਰ**

1. ਮਿਸ ਸ਼ੇਫਾਲੀ
2. ਖਾਲੀ
3. ਖਾਲੀ
4. ਖਾਲੀ

**ਨਰਸ**

1. ਸ੍ਰੀਮਤੀ ਨਰਿੰਦਰ ਕੌਰ

**ਸੀਨੀਅਰ ਲੈਬ ਅਟੈਂਡੈਂਟ**

1. ਸ. ਕੁਲਜੀਤ ਸਿੰਘ
2. ਸ. ਬਿਕਰਮਜੀਤ ਸਿੰਘ

3-6 ਖਾਲੀ

**ਲੈਬ ਅਟੈਂਡੈਂਟ**

1. ਸ. ਪਰਵਿੰਦਰ ਸਿੰਘ

2-5 ਖਾਲੀ

**ਜੇ.ਐਲ.ਏ. (ਸੰਗੀਤ)**

1-3 ਖਾਲੀ

**ਦਰਜਾ ਚਾਰ ਕਰਮਚਾਰੀ ਦਫ਼ਤਰੀ**

1. ਖਾਲੀ

**ਲਾਇਬ੍ਰੇਰੀ ਅਟੈਂਡੈਂਟ**

1-2.ਖਾਲੀ

**ਸੇਵਾਦਾਰ**

1. ਸ. ਅਮਰਜੀਤ ਸਿੰਘ
2. ਸ਼੍ਰੀ ਸੁਨੀਲ ਦੱਤ
3. ਸ਼੍ਰੀ ਰਾਜੇਸ਼ ਕੁਮਾਰ

4-5. ਖਾਲੀ

**ਮਾਲੀ**

1. ਸ੍ਰੀ ਰਾਜਿੰਦਰ ਪ੍ਰਸ਼ਾਦ

**ਲਾਇਬ੍ਰੇਰੀ ਗੇਟ ਕੀਪਰ**

1. ਖਾਲੀ

**ਵਾਟਰਮੈਨ**

1. ਸ. ਕੇਸਰ ਸਿੰਘ

**ਬੇਲਦਾਰ**

1. ਖਾਲੀ
2. ਖਾਲੀ

**ਚੌਂਕੀਦਾਰ**

1. ਸ. ਗੁਲਬਾਗ ਸਿੰਘ
2. ਸ. ਰਾਮ ਕ੍ਰਿਸ਼ਨ ਸਿੰਘ
3. ਖਾਲੀ
4. ਖਾਲੀ

**ਸਫ਼ਾਈ ਸੇਵਕ**

1. ਸ਼੍ਰੀ ਵਿਨੋਦ ਕੁਮਾਰ
2. ਖਾਲੀ
3. ਖਾਲੀ

**ਗੇਮ ਬੁਆਏ**

1. ਖਾਲੀ

## ਵਿਦਿਅਕ ਵਰ੍ਹਾ 2025-26 ਲਈ ਵੱਖ-ਵੱਖ ਕਲਾਸਾਂ ਦੇ ਦਾਖਲੇ ਸੰਬੰਧੀ ਕਮੇਟੀਆਂ

**ਬੀ.ਏ. ਭਾਗ ਪਹਿਲਾ**

1. ਪ੍ਰੋ. ਗਗਨਦੀਪ ਕੌਰ (ਕਨਵੀਨਰ) (98760-70489)
2. ਡਾ. ਰਿਤਿਕਾ ਅਗਨੀਹੋਤਰੀ
3. ਡਾ. ਸ਼ਾਇਨਾ
4. ਪ੍ਰੋ. ਜੈਸਮੀਨ
5. ਡਾ. ਡਿੰਪਲ ਰਾਣੀ
6. ਪ੍ਰੋ. ਅੰਜੂ
7. ਪ੍ਰੋ. ਨਿਰਮਲ ਸਿੰਘ
8. ਪ੍ਰੋ. ਨਰਿੰਦਰਪਾਲ ਕੌਰ
9. ਡਾ. ਸੁਮਿਤਾ
10. ਡਾ. ਪੂਜਾ ਬਾਂਸਲ
11. ਡਾ. ਪ੍ਰਵੀਨ ਬਾਲਾ
12. ਪ੍ਰੋ. ਲਕਸ਼ਮੀ ਗੇਟ
13. ਪ੍ਰੋ. ਸੰਦੀਪ ਸਿੰਘ
14. ਪ੍ਰੋ. ਕਮਲਦੀਪ ਕੌਰ

**ਬੀ.ਏ. ਭਾਗ ਦੂਜਾ**

1. ਪ੍ਰੋ. ਸੋਨੀਆ (ਅੰਗਰੇਜ਼ੀ) (ਕਨਵੀਨਰ) (98551-41200)
2. ਪ੍ਰੋ. ਰਜਿੰਦਰ ਕੌਰ
3. ਪ੍ਰੋ. ਆਸ਼ਿਮਾ ਬਜਾਜ
4. ਪ੍ਰੋ. ਅੰਜਲੀ ਸ਼ਰਮਾ
5. ਪ੍ਰੋ. ਸੋਨੀਆ (ਪੰਜਾਬੀ)
6. ਡਾ. ਬਲਜੀਤ ਕੌਰ
7. ਡਾ. ਮਨਜੀਤ ਕੌਰ

**ਬੀ.ਏ. ਭਾਗ ਤੀਜਾ**

1. ਪ੍ਰੋ. ਹਰਪ੍ਰੀਤ ਕੌਰ (ਅੰਗਰੇਜ਼ੀ) (ਕਨਵੀਨਰ) (99881-70103)
2. ਡਾ. ਅਵਿਸ਼ ਸੇਤੀਆ
3. ਪ੍ਰੋ. ਰਿੰਪੀ ਕੌਰ
4. ਪ੍ਰੋ. ਪ੍ਰਭਜੋਤ ਕੌਰ
5. ਡਾ. ਰਮਨਦੀਪ ਕੌਰ
6. ਡਾ. ਉਪਮਾ ਭਗਤ
7. ਪ੍ਰੋ. ਅਭਿਨੀਤ

**ਬੀ.ਐਸ.ਸੀ. (ਹੋਮ ਸਾਇੰਸ) ਭਾਗ ਪਹਿਲਾ, ਦੂਜਾ ਅਤੇ ਤੀਜਾ**

1. ਡਾ. ਈਸ਼ਵਰਪ੍ਰੀਤ ਕੌਰ (ਕਨਵੀਨਰ) (98769-13895)
2. ਪ੍ਰੋਫੈਸਰ ਲਕਸ਼ਮੀ ਗੇਟ

**ਬੀ.ਐਸ.ਸੀ. (ਨਾਨ ਮੈਡੀਕਲ) ਭਾਗ ਪਹਿਲਾ, ਦੂਜਾ ਅਤੇ ਤੀਜਾ**

1. ਡਾ. ਅਨੁਜ ਗੁਪਤਾ (ਕਨਵੀਨਰ) (92171-89899)
2. ਡਾ. ਅੰਜਨਦੀਪ ਕੌਰ
3. ਡਾ. ਸ਼ਿਵਾਨੀ ਸ਼ਰਮਾ

**ਬੀ.ਐਸ.ਸੀ.(ਮੈਡੀਕਲ) ਭਾਗ ਪਹਿਲਾ, ਦੂਜਾ ਅਤੇ ਤੀਜਾ**

1. ਪ੍ਰੋ. ਗਗਨਦੀਪ ਕੌਰ (ਕਨਵੀਨਰ) (98760-70489)
2. ਡਾ. ਹਰਪ੍ਰੀਤ ਕੌਰ
3. ਪ੍ਰੋ. ਪੂਜਾ ਗੋਇਲ

**ਐਮ.ਏ. (ਫਾਈਨ ਆਰਟਸ) ਭਾਗ ਪਹਿਲਾ ਅਤੇ ਦੂਜਾ**

1. ਪ੍ਰੋ. ਸੁਭਾਸ਼ ਚੰਦਰ (ਕਨਵੀਨਰ) (94175-28076)
2. ਪ੍ਰੋ. ਅੰਜੂ

**ਐਮ.ਏ. (ਡਾਂਸ) ਭਾਗ ਪਹਿਲਾ ਅਤੇ ਦੂਜਾ**

1. ਡਾ. ਕੁਲਵਿੰਦਰ ਕੌਰ (ਕਨਵੀਨਰ) (98154-96335)
2. ਡਾ. ਸੀਮਾ ਸ਼ਰਮਾ

**ਐਮ.ਏ. (ਮਿਊਜ਼ਿਕ ਵੋਕਲ) ਭਾਗ ਪਹਿਲਾ ਅਤੇ ਦੂਜਾ**

1. ਪ੍ਰੋ. ਤੇਜਿੰਦਰ ਕੌਰ (ਕਨਵੀਨਰ) (75081-76923)
2. ਡਾ. ਸਾਕਸ਼ੀ ਸ਼ਰਮਾ

**ਸੈਲਫ ਫਾਈਨਾਂਸ ਕੋਰਸ ( HEIS)**

**ਬੀ.ਐਸ.ਸੀ (ਓਨਰਸ ਇਨਬਾਇਓਟੈਕਨਾਲੋਜੀ)**

1. ਪ੍ਰੋ. ਸੰਦੀਪ ਕੌਰ (79739-27817)
2. ਪ੍ਰੋ. ਪਰਨੀਤ ਕੌਰ

**ਬੀ.ਸੀ.ਏ./ਪੀਜੀਡੀਸੀਏ**

1. ਪ੍ਰੋ. ਹਰਜੀਤ ਕੌਰ (98553-35580)

**ਬੀ.ਕੌਮ (ਟੈਕਸ ਪਲੈਨਿੰਗ ਐਂਡ ਮੈਨੇਜਮੈਂਟ)**

1. ਪ੍ਰੋ. ਸੋਨੀਆ (78916-12947)

**ਬੀ.ਏ. (ਓਨਰਸ) ਐਸਥੈਟਿਕਸ ਐਂਡ ਬਿਊਟੀ ਥੈਰੇਪੀ**

1. ਪ੍ਰੋ. ਅਨੁਪਮਾ ਸ਼ਰਮਾ (62833-44039)

**ਬੀ.ਬੀ.ਏ (ਓਨਰਸ) ਹੋਸਪਿਟਲ ਮੈਨੇਜਮੈਂਟ**

1. ਪ੍ਰੋ. ਪਰਨੀਤ ਕੌਰ (95014-91277)
2. ਪ੍ਰੋ. ਸੋਨੀਆ

**ਬੀ.ਏ. (ਵਿਜ਼ੁਅਲ ਆਰਟਸ)**

1. ਪ੍ਰੋ. ਪਰਨੀਤ ਕੌਰ (95014-91277)
2. ਪ੍ਰੋ. ਸੋਨੀਆ

**ਬੀ.ਐਸ.ਸੀ. (ਮੈਡੀਕਲ ਲੈਬ ਟੈਕਨੋਲੋਜੀ)**

1. ਪ੍ਰੋ. ਸੰਦੀਪ ਕੌਰ (79739-27817)

## ਨਵੀਂ ਸਿੱਖਿਆ ਨੀਤੀ, 2020 ਅਨੁਸਾਰ ਉਪਲੱਬਧ ਰੈਗੂਲਰ ਕੋਰਸ

| ਲੜੀ ਨੰ. | ਨਵੀਂ ਸਿੱਖਿਆ ਨੀਤੀ ਅਨੁਸਾਰ ਕੋਰਸਾਂ ਦਾ ਨਾਮ | ਪੁਰਾਣਾ ਨਾਮ | ਸੀਟਾਂ |
|---|---|---|---|
| 1. | 4-Year UG programme B.Sc. Hons. (without research) Multidisciplinary (3+1 Under NEP) | ਬੀ.ਐੱਸ.ਸੀ. ਮੈਡੀਕਲ | 50 |
| 2. | 4-Year UG programme B.Sc. Hons. (without research) Multidisciplinary (3+1 Under NEP) | ਬੀ.ਐੱਸ.ਸੀ. ਮੈਡੀਕਲ | 50 |
| 3. | 4-Year UG programme B.Sc. Home Science (without research) (3+1 Under NEP) | ਬੀ.ਐੱਸ.ਸੀ. (ਹੋਮ ਸਾਇੰਸ) | 50 |
| 4. | 4-Year UG programme B.A. Hons. (without research) Multidisciplinary (3+1 Under NEP) | ਬੀ.ਏ. | 600 |
| 5. | 4 Year UG programme Single Major (without research) Multidisciplinary (3+1 Under NEP) | ਬੀ.ਏ. ਆਨਰਜ ਸਕੂਲ (ਅੰਗਰੇਜੀ, ਰਾਜਨੀਤੀ ਸ਼ਾਸਤਰ, ਇਤਿਹਾਸ ਅਤੇ ਅਰਥ ਸ਼ਾਸਤਰ) | 50 |
| 6. | ਐੱਮ.ਏ. (ਫਾਈਨ ਆਰਟਸ, ਡਾਂਸ ਅਤੇ ਮਿਊਜ਼ਿਕ ਵੋਕਲ) ਭਾਗ-1 ਅਤੇ ਭਾਗ-2 | | 40 |

**ਨੋਟ:-**

1. ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਜੇਕਰ ਨਵੀਂ ਸਿੱਖਿਆ ਨੀਤੀ 2020 ਸਬੰਧੀ ਕੋਈ ਤਬਦੀਲੀ ਹੁੰਦੀ ਹੈ ਤਾਂ ਉਹ ਲਾਗੂ ਹੋਵੇਗੀ।
2. ਜੇਕਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕਿਸੇ ਕਲਾਸ ਦੀ ਪ੍ਰੀਖਿਆ ਪ੍ਰਣਾਲੀ ਵਿੱਚ ਕਿਸੇ ਤਰ੍ਹਾਂ ਦੀ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਉਸਦੀ ਸੂਚਨਾ ਨੋਟਿਸ ਬੋਰਡ/ ਕਾਲਜ ਵੈੱਬ ਸਾਇਟ ਉੱਤੇ ਲਗਾ ਦਿੱਤੀ ਜਾਵੇਗੀ।
3. ਕਾਲਜ ਵਿੱਚ ਐਚ.ਈ.ਆਈ.ਐਸ ਸਕੀਮ ਦੇ ਅਧੀਨ ਕੋਰਸ ਚੱਲ ਰਹੇ ਹਨ ਜਿਹਨਾਂ ਕੋਰਸਾਂ ਵਿੱਚ ਦਾਖਲੇ ਦੀ ਜਾਣਕਾਰੀ ਵਿਦਿਆਰਥੀ ਕਾਲਜ ਵੈੱਬਸਾਈਟ ਤੋਂ ਲੈ ਸਕਦੇ ਹਨ।

## ਵਿਸ਼ਿਆਂ ਦੇ ਜੁੱਟ (TABLE No. 1)

### 4 Year UG programme B.Sc. Hons. (without research) Multidisciplinary (3+1 Under NEP)

| Sem | MAJ-A | MAJ-B | MAJ-C | MAJ-D | IDC/ MDC | AEC (LANG) | SEC | VAC (COMM) | PBI. COMP | TOTAL |
|---|---|---|---|---|---|---|---|---|---|---|
| Credits | 4 | 4 | 4 | 4 | 3 | 2 | 3 | 2 | 4 | |
| Sem-I | MAJ-A-1 | MAJ-B-1 | MAJ-C-1 | MIN-1 | IDC/ MDC-1 | ENG | SEC-1 | VAC-1 | PBI-1 | 30 |
| Sem-II | MAJ-A-2 | MAJ-B-2 | MAJ-C-2 | MIN-2 | IDC/ MDC-2 | ENG | SEC-2 | VAC-2 | PBI-2 | 30 |

ਜੋ ਵੀ ਵਿਦਿਆਰਥੀ ਇੱਕ ਸਾਲ ਤੋਂ ਬਾਅਦ ਕਾਲਜ ਛੱਡਣਾ ਚਾਹੁੰਦਾ ਹੈ ਅਤੇ ਚਾਹੁੰਦਾ ਹੈ ਕਿ ਉਸਦਾ ਇੱਕ ਸਾਲ ਸਰਟੀਫਿਕੇਟ ਕੋਰਸ ਵਜੋਂ ਮੰਨਿਆ ਜਾਵੇ, ਉਸਨੂੰ ਹੇਠ ਲਿਖਿਆ ਕੋਰਸ ਕਰਨਾ ਲਾਜਮੀ ਹੋਵੇਗਾ- SUMMER INTERNSHIP/COMMUNITY SERVICE/VOCATIONAL COURSE (4 CREDITS)

| | | | | | | | | | | |
|---|---|---|---|---|---|---|---|---|---|---|
| Sem-III | MAJ-A-3 | MAJ-B-3 | MAJ-C-3 | MIN-3 | | ENG/MIL C-3 | SEC-3 | VAC-3 | PBI-3 | 27 |
| Sem-IV | MAJ-A-4 | MAJ-B-4 | MAJ-C-4 | MIN-4 | IDC/ MDC-4 | ENG/MIL C-4 | | VAC-4 | PBI-4 | 27 |

ਜੋ ਵੀ ਵਿਦਿਆਰਥੀ ਦੋ ਸਾਲ ਤੋਂ ਬਾਅਦ ਕਾਲਜ ਛੱਡਣਾ ਚਾਹੁੰਦਾ ਹੈ ਅਤੇ ਚਾਹੁੰਦਾ ਹੈ ਕਿ ਉਸਨੂੰ ਦੋ ਸਾਲ ਦਾ ਡਿਪਲੋਮਾ ਕੋਰਸ ਸਰਟੀਫਿਕੇਟ ਮਿਲੇ, ਉਸਨੂੰ ਹੇਠ ਲਿਖਿਆ ਕੋਰਸ ਕਰਨਾ ਲਾਜਮੀ ਹੋਵੇਗਾ- SUMMER INTERNSHIP/COMMUNITY SERVICE/VOCATIONAL COURSE (4 CREDITS)

ਉਪਰੋਕਤ ਦਿੱਤੇ ਗਏ ਟੇਬਲ ਅਨੁਸਾਰ ਜੋ ਵੀ ਵਿਦਿਆਰਥੀ ਦਾਖਲਾ ਲੈ ਰਹੇ ਹਨ ਉਹ 9 ਵਿਸ਼ੇ ਪੜ੍ਹਨਗੇ। ਜਿਸ ਵਿੱਚ ਤਿੰਨ ਮੇਜਰ ਵਿਸ਼ੇ ਹੋਣਗੇ ਇੱਕ ਵਿਸ਼ਾ ਮਾਈਨਰ ਚੁਣਿਆ ਜਾਵੇਗਾ। ਇਸ ਤੋਂ ਇਲਾਵਾ ਪੰਜ ਵਿਸ਼ੇ ਹੇਠ ਲਿਖੇ ਅਨੁਸਾਰ ਹਨ:

1. ਇੱਕ IDC/MDC (INTER-DISCIPLINE COURSE/MULTI-DISCIPLINE COURSE)
2. ਇੱਕ AEC (ABILITY ENHANCEMENT COURSE)
3. ਇੱਕ SEC (SKILL ENHANCEMENT COURSE)
4. ਇੱਕ VAC (VALUE ADDED COURSE)
5. ਪੰਜਾਬੀ ਲਾਜ਼ਮੀ

## ਦਾਖਲੇ ਸੰਬੰਧੀ ਕਲਾਸਾਂ ਅਨੁਸਾਰ ਵਿਸ਼ੇ ਹੇਠ ਲਿਖਤ ਹਨ

## 1. ਬੀ.ਐਸ.ਸੀ ਮੈਡੀਕਲ, ਬੀ.ਐਸ.ਸੀ ਮੈਡੀਕਲ (ਕੰਪਿਊਟਰ ਸਾਇੰਸ): ਭਾਗ-ਪਹਿਲਾ

| ਸਮੈਸਟਰ 1 | MAJ-1 | MAJ-2 | MAJ-3 | MINOR | IDC/ MDC | AEC | SEC | VAC | Punjabi Compulsory |
|---|---|---|---|---|---|---|---|---|---|
| ਬੀ.ਐਸਸੀ ਮੈਡੀਕਲ | ਜੂਆਲੋਜੀ | ਬਾਟਨੀ | ਕਮਿਸਟਰੀ | ਕੰਪਿਊਟਰ | * | ਅੰਗਰੇਜੀ | * | ਇਨਵਾਇਰਨਮੈਂਟ ਅਤੇ ਰੋਡ ਸੇਫਟੀ | Punjabi Compulsory |
| ਬੀ.ਐਸਸੀ ਨਾਨ-ਮੈਡੀਕਲ (ਕੰਪਿਊਟਰ ਸਾਇੰਸ) | ਕੰਪਿਊਟਰ ਸਾਇੰਸ | ਫਿਜਿਕਸ | ਮੈਥਸ | ਕੰਪਿਊਟਰ | * | ਅੰਗਰੇਜੀ | * | ਇਨਵਾਇਰਨਮੈਂਟ ਅਤੇ ਰੋਡ ਸੇਫਟੀ | Punjabi Compulsory |

ਵਿਦਿਆਰਥੀਆਂ ਲਈ ਵਿਸ਼ਿਆਂ ਦੀ ਉਪਲਬੱਧਤਾ ਇਸ ਪ੍ਰਕਾਰ ਹੈ-

ਜੋ ਵੀ ਵਿਦਿਆਰਥੀ ਇੱਕ ਸਾਲ ਤੋਂ ਬਾਅਦ ਕਾਲਜ ਛੱਡਣਾ ਚਾਹੁੰਦਾ ਹੈ ਅਤੇ ਚਾਹੁੰਦਾ ਹੈ ਕਿ ਉਸਦਾ ਇੱਕ ਸਾਲ ਸਰਟੀਫਿਕੇਟ ਕੋਰਸ ਵਜੋਂ ਮੰਨਿਆ ਜਾਵੇ ਉਸਨੂੰ ਹੇਠ ਲਿਖਤ ਕਰਨ ਦੀ ਲੋੜ ਪਵੇਗੀ - SUMMER INTERNSHIP/ COMMUNITY SERVICE/VOCATIONAL COURSE (4 CREDITS)

* ਇਹਨਾਂ ਵਿਸ਼ਿਆਂ ਦੇ ਆਪਸ਼ਨ ਵੈੱਬਸਾਈਟ ਉੱਪਰ ਉਪਲੱਬਧ ਹਨ। ਵਿਦਿਆਰਥੀ ਆਪਣੇ ਅਨੁਸਾਰ ਚੋਣ ਕਰ ਸਕਦੇ ਹਨ।

| | | | | | | | | | | | |
|---|---|---|---|---|---|---|---|---|---|---|---|
| Sem-III | MAJ-A-3 | MAJ-B-3 | MAJ-C-3 | MIN-3 | MAJ LAB-3 A/B/C | | ENG/MIL C-3 | SEC-3 | VAC-3 | PBI-3 | 27 |
| Sem-IV | MAJ-A-4 | MAJ-B-4 | MAJ-C-4 | MIN-4 | MAJ LAB-4 A/B/C | IDC/ MDC-4 | ENG/MIL C-4 | | VAC-4 | PBI-4 | 27 |

## 2. ਬੀ.ਐਸਸੀ ਮੈਡੀਕਲ, ਬੀ.ਐਸਸੀ ਮੈਡੀਕਲ (ਕੰਪਿਊਟਰ ਸਾਇੰਸ): ਭਾਗ-ਦੂਜਾ

ਇਹਨਾਂ ਸਬੰਧਿਤ ਕਲਾਸਾਂ ਦੇ ਵਿਦਿਆਰਥੀ ਕਾਲਜ ਦੀ ਵੈੱਬਸਾਈਟ ਤੋਂ ਆਪਣੇ ਵਿਸ਼ਿਆਂ ਦੀ ਚੋਣ ਕਰਨਗੇ।

## 3. ਬੀ.ਐਸਸੀ ਮੈਡੀਕਲ, ਬੀ.ਐਸਸੀ ਮੈਡੀਕਲ (ਕੰਪਿਊਟਰ ਸਾਇੰਸ): ਭਾਗ-ਤੀਜਾ

ਇਹ ਵਿਦਿਆਰਥੀਆਂ ਦੇ ਵਿਸ਼ੇ ਆਮ ਵਾਂਗ ਉਹੀ ਰਹਿਣਗੇ ਜੋ ਉਹ ਪਹਿਲਾਂ ਤੋਂ ਪੜ੍ਹ ਰਹੇ ਹਨ। ਇਹ ਕਲਾਸ ਨਵੀਂ ਸਿੱਖਿਆ ਨੀਤੀ ਅਨੁਸਾਰ ਨਹੀਂ ਹੈ।

## 4. ਬੀ.ਏ. (BA) ਭਾਗ ਪਹਿਲਾ

ਬੀ.ਏ ਭਾਗ ਪਹਿਲਾਂ ਦੇ ਵਿਦਿਆਰਥੀਆਂ ਲਈ ਵੀ ਉਪਰੋਕਤ ਦਿੱਤੇ ਟੇਬਲ ਨੰਬਰ. 1 ਅਨੁਸਾਰ ਵਿਸ਼ਿਆ ਦੀ ਚੋਣ ਕਰਨੀ ਹੋਵੇਗੀ। ਜਿਸ ਵਿੱਚ ਮੇਜਰ ਅਤੇ ਮਾਈਨਰ ਵਿਸ਼ਿਆ ਦੇ ਜੁੱਟ ਹੇਠ ਲਿਖੇ ਅਨੁਸਾਰ ਹਨ।

| ਗਰੁੱਪ 1 | ਗਰੁੱਪ 2 | ਗਰੁੱਪ 3 | ਗਰੁੱਪ 4 | ਗਰੁੱਪ 5 | ਗਰੁੱਪ 6 | ਗਰੁੱਪ 7 |
|---|---|---|---|---|---|---|
| ਇਕਨੋਮਿਕਸ | ਹਿਸਟਰੀ | ਡਾਂਸ | ਪੰਜਾਬੀ ਲਿਟਰੇਚਰ | ਹੋਮ ਸਾਇੰਸ | ਕੰਪਿਊਟਰ ਸਾਇੰਸ | ਫੰਕਸ਼ਨਲ ਇੰਗਲਿਸ਼ |
| ਫਾਈਨ ਆਰਟਸ | ਗਣਿਤ | ਪੋਲੀਟੀਕਲ ਸਾਇੰਸ | ਹਿੰਦੀ ਲਿਟਰੇਚਰ | ਸੰਗੀਤ ਵਾਦਨ | ਜੋਗਰਫੀ | ਸ਼ੋਸ਼ਿਆਲੋਜੀ |
| ਫੋਕ ਆਰਟ ਐਂਡ ਕਲਚਰ | ਫ਼ਿਲਾਸਫ਼ੀ | ਸਟੈਟਿਸਟਿਕਸ | ਅੰਗਰੇਜੀ ਲਿਟਰੇਚਰ | ਫਿਜੀਕਲ ਐਜੂਕੇਸ਼ਨ | ਮਿਊਜ਼ਿਕ ਵੋਕਲ | |
| | ਸਾਈਕਾਲੋਜੀ | | ਸੰਸਕ੍ਰਿਤ ਲਿਟਰੇਚਰ | | | |

ਉਪਰੋਕਤ ਗਰੁੱਪਾਂ ਵਿੱਚੋਂ ਵਿਦਿਆਰਥੀ ਤਿੰਨ ਵਿਸ਼ਿਆਂ ਨੂੰ ਬਤੌਰ ਮੇਜਰ ਚੁਣਨਗੇ ਅਤੇ ਹਰੇਕ ਗਰੁੱਪ ਵਿੱਚੋਂ ਕੇਵਲ ਇੱਕ ਹੀ ਵਿਸ਼ਾ ਲਿਆ ਜਾ ਸਕਦਾ ਹੈ। ਤਿੰਨ ਮੇਜਰ ਵਿਸ਼ਿਆਂ ਦੀ ਚੋਣ ਤੋਂ ਇਲਾਵਾ ਇੱਕ ਹੋਰ ਵਿਸ਼ਾ ਮਾਈਨਰ ਵਜੋਂ ਚੁਣਨਗੇ। ਇਹ ਨਾਂ ਚਾਰ ਵਿਸ਼ਿਆਂ ਤੋਂ ਪੰਜ ਵਿਸ਼ੇ (ਇੱਕ IDC/MDC, ਇੱਕ AEC, ਇੱਕ SEC, ਇੱਕ VAC ਅਤੇ ਪੰਜਾਬੀ ਲਾਜਮੀ ਕਾਲਜ ਵੈੱਬਸਾਈਟ ਤੋਂ ਚੋਣ ਕਰਨਗੇ)

**5. ਬੀ.ਏ. (BA) ਭਾਗ ਦੂਜਾ**

| | | | | | | | | | | | |
|---|---|---|---|---|---|---|---|---|---|---|---|
| **Sem-III** | **MAJ-A-3** | **MAJ-B-3** | **MAJ-C-3** | **MIN-3** | **MAJ LAB-3 A/B/C** | | **ENG/MIL C-3** | **SEC-3** | **VAC-3** | **PBI-3** | **27** |
| **Sem-IV** | **MAJ-A-4** | **MAJ-B-4** | **MAJ-C-4** | **MIN-4** | **MAJ LAB-4 A/B/C** | **IDC/ MDC-4** | **ENG/MIL C-4** | | **VAC-4** | **PBI-4** | **27** |

ਇਹਨਾਂ ਸਬੰਧਿਤ ਕਲਾਸਾਂ ਦੇ ਵਿਦਿਆਰਥੀ ਕਾਲਜ ਦੀ ਵੈੱਬਸਾਈਟ ਤੋਂ ਆਪਣੇ ਵਿਸ਼ਿਆਂ ਦੀ ਚੋਣ ਕਰਨਗੇ।

**6. ਬੀ.ਏ. (BA) ਭਾਗ ਤੀਜਾ**

ਭਾਗ ਤੀਜਾ ਦੇ ਵਿਦਿਆਰਥੀਆਂ ਦੇ ਵਿਸ਼ੇ ਆਮ ਵਾਂਗ ਉਹੀ ਰਹਿਣਗੇ ਜੋ ਉਹ ਪਹਿਲਾਂ ਤੋਂ ਪੜ੍ਹ ਰਹੇ ਹਨ। ਇਹ ਕਲਾਸ ਨਵੀਂ ਸਿੱਖਿਆ ਨੀਤੀ ਅਨੁਸਾਰ ਨਹੀਂ ਹੈ।

7. ਬੀ.ਏ. ਆਨਰਜ਼ ਸਕੂਲ (ਅੰਗਰੇਜੀ, ਇਤਿਹਾਸ, ਪੋਲੀਟੀਕਲ ਸਾਇੰਸ, ਸਾਈਕਾਲੋਜੀ, ਇਕਨੋਮਿਕਸ ਅਤੇ ਹਿੰਦੀ) (ਭਾਗ-ਪਹਿਲਾ ਅਤੇ ਭਾਗ-ਦੂਜਾ)

**Year UG Programme Single Major (without research) Multidisciplinary (3+1 Under NEP)**

| Sem | MAJ-A | MAJ-B | MAJ-C | MAJ-D | IDC/ MDC | AEC (LANG) | SEC | VAC (COMM) | PBI. COMP | TOTAL |
|---|---|---|---|---|---|---|---|---|---|---|
| Credits | 4 | 4 | 4 | 4 | 3 | 2 | 3 | 2 | 4 | |
| Sem-I | MAJ-A-1 | MAJ-B-1 | MAJ-C-1 | MIN-1 | IDC/ MDC-1 | ENG | SEC-1 | VAC-1 | PBI-1 | 26 |
| Sem-II | MAJ-A-2 | MAJ-B-2 | MAJ-C-2 | MIN-2 | IDC/ MDC-2 | ENG | SEC-2 | VAC-2 | PBI-2 | 26 |

ਜੋ ਵੀ ਵਿਦਿਆਰਥੀ ਇੱਕ ਸਾਲ ਤੋਂ ਬਾਅਦ ਕਾਲਜ ਛੱਡਣਾ ਚਾਹੁੰਦਾ ਹੈ ਅਤੇ ਚਾਹੁੰਦਾ ਹੈ ਕਿ ਉਸਦਾ ਇੱਕ ਸਾਲ ਸਰਟੀਫਿਕੇਟ ਕੋਰਸ ਵਜੋਂ ਮੰਨਿਆ ਜਾਵੇ, ਉਸਨੂੰ ਹੇਠ ਲਿਖਿਆ ਕੋਰਸ ਕਰਨਾ ਲਾਜਮੀ ਹੋਵੇਗਾ- SUMMER INTERNSHIP/COMMUNITY SERVICE/VOCATIONAL COURSE (4 CREDITS)

| | | | | | | | | | | |
|---|---|---|---|---|---|---|---|---|---|---|
| Sem-III | MAJ-A-3 | MAJ-B-3 | MAJ-C-3 | MIN-3 | | ENG/MIL C-3 | SEC-3 | VAC-3 | PBI-3 | 23 |
| Sem-IV | MAJ-A-4 | MAJ-B-4 | MAJ-C-4 | MIN-4 | IDC/ MDC-4 | ENG/MIL C-4 | | VAC-4 | PBI-4 | 23 |

ਜੋ ਵੀ ਵਿਦਿਆਰਥੀ ਦੋ ਸਾਲ ਤੋਂ ਬਾਅਦ ਕਾਲਜ ਛੱਡਣਾ ਚਾਹੁੰਦਾ ਹੈ ਅਤੇ ਚਾਹੁੰਦਾ ਹੈ ਕਿ ਉਸਨੂੰ ਦੋ ਸਾਲ ਦਾ ਡਿਪਲੋਮਾ ਕੋਰਸ ਸਰਟੀਫਿਕੇਟ ਮਿਲੇ, ਉਸਨੂੰ ਹੇਠ ਲਿਖਿਆ ਕੋਰਸ ਕਰਨਾ ਲਾਜਮੀ ਹੋਵੇਗਾ- SUMMER INTERNSHIP/COMMUNITY SERVICE/VOCATIONAL COURSE (4 CREDITS)

**ਕਾਲਜ ਵਿੱਚ ਚੱਲ ਰਹੇ ਵੱਖ-ਵੱਖ ਆਨਰਜ਼ ਸਕੂਲ ਕੋਰਸਾਂ ਦੇ ਵਿਦਿਆਰਥੀ ਆਪਣੇ ਆਨਰਜ਼ ਸਕੂਲ ਦੇ ਵਿਸ਼ਿਆਂ ਵਿੱਚੋਂ ਦੋ ਮੇਜਰ ਅਤੇ ਇੱਕ ਮਾਈਨਰ ਵਿਸ਼ਾ ਚੁਣਨਗੇ। ਇਸ ਤੋਂ ਇਲਾਵਾ ਵਿਦਿਆਰਥੀ ਇੱਕ ਵਿਸ਼ਾ IDC, ਇੱਕ ਵਿਸ਼ਾ AEC, ਇੱਕ ਵਿਸ਼ਾ SEC, ਇੱਕ ਵਿਸ਼ਾ VAC ਅਤੇ ਪੰਜਾਬੀ ਲਾਜਮੀ ਪੜ੍ਹਨਗੇ। ਕੁੱਲ ਮਿਲਾ ਕੇ ਅੱਠ ਵਿਸ਼ੇ ਪੜ੍ਹੇ ਜਾਣੇ ਹਨ ਜਿਨਾਂ ਦੇ 26 ਕਰੇਡਿਟ ਬਣਦੇ ਹਨ।**
**ਭਾਗ ਦੂਜਾ ਦੇ ਵਿਦਿਆਰਥੀ ਸੱਤ ਵਿਸ਼ੇ ਪੜ੍ਹਨਗੇ ਜਿਸ ਅਨੁਸਾਰ ਤੀਜੇ ਸਮੈਸਟਰ ਵਿੱਚ IDC/MDC ਨਹੀਂ ਹੋਵੇਗਾ ਅਤੇ ਚੌਥੇ ਸਮੈਸਟਰ ਵਿੱਚ SEC ਨਹੀਂ ਹੋਵੇਗਾ।**

**8.** ਬੀ.ਏ. ਆਨਰਜ਼ ਸਕੂਲ ਭਾਗ ਤੀਜਾ ਦੇ ਵਿਦਿਆਰਥੀਆਂ ਉੱਪਰ ਨਵੀਂ ਸਿੱਖਿਆ ਨੀਤੀ ਲਾਗੂ ਨਹੀਂ ਹੁੰਦੀ ਹੈ ਜਿਸ ਕਰਕੇ ਉਹ ਆਪਣੇ ਪੁਰਾਣੇ ਚੁਣੇ ਵਿਸ਼ਿਆਂ ਦੀ ਲਗਾਤਾਰਤਾ ਵਿੱਚ ਹੀ ਪੜ੍ਹਨਗੇ।

**ਜਰੂਰੀ ਨੋਟ:** 1) ਬੀ.ਏ. ਭਾਗ ਪਹਿਲਾਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਹਦਾਇਤ ਹੈ ਕਿ ਉਹ ਆਪਣੇ ਵਿਸ਼ੇ ਕੇਵਲ ਉਨ੍ਹਾਂ ਵਿਸ਼ਾ-ਜੁੱਟਾਂ ਵਿੱਚੋਂ ਹੀ ਚੁਣਨਗੇ ਜਿਨ੍ਹਾਂ ਦੀ ਆਗਿਆ ਦਿੱਤੀ ਗਈ ਹੈ। ਦਾਖਲਾ ਲੈਣ ਸਮੇਂ ਵਿਸ਼ਿਆਂ ਦੀ ਚੋਣ ਪੂਰੇ ਧਿਆਨ ਨਾਲ ਕੀਤੀ ਜਾਵੇ। ਗਲਤ ਵਿਸ਼ਾ-ਜੁੱਟ ਚੁਣਨ ਲਈ ਵਿਦਿਆਰਥੀ ਖੁਦ ਜਿੰਮੇਵਾਰ ਹੋਵੇਗਾ। ਵਿਸ਼ਿਆਂ ਦੀ ਚੋਣ ਸਬੰਧੀ ਤਬਦੀਲੀ ਕਰਨ ਦੀ ਸਹੂਲਤ ਖਾਸ ਹਾਲਤਾਂ ਵਿੱਚ ਹੀ ਉਪਲੱਬਧ ਹੋਵੇਗੀ।

2) ਬੀ.ਏ. ਵਿੱਚ ਫਿਜੀਕਲ ਐਜੂਕੇਸ਼ਨ ਦਾ ਵਿਸ਼ਾ ਟੈਸਟ ਦੇ ਅਧਾਰ ਉੱਪਰ ਦਿੱਤਾ ਜਾਂਦਾ ਹੈ।

3) ਜਿਸ ਵਿਦਿਆਰਥੀ ਨੇ 10+2 ਵਿੱਚ ਗਣਿਤ ਵਿਸ਼ਾ ਨਹੀਂ ਪੜ੍ਹਿਆ, ਉਹ ਬੀ.ਏ. ਵਿੱਚ ਗਣਿਤ ਨਹੀਂ ਲੈ ਸਕਦਾ।

4) 10+2 ਕਾਮਰਸ ਪਾਸ ਵਿਦਿਆਰਥੀ ਬੀ.ਏ. ਭਾਗ ਪਹਿਲਾ ਵਿੱਚ ਗਣਿਤ ਨਹੀਂ ਲੈ ਸਕਦੇ।

5) ਬੀ.ਏ. ਸਮੈਸਟਰ ਪਹਿਲਾਂ ਵਿੱਚ ਇੱਕ ਚੋਣਵਾਂ ਵਿਸ਼ਾ ਦਾਖਲੇ ਦੀ ਮਿਤੀ ਤੋਂ ਚਾਰ ਹਫਤਿਆਂ ਦੇ ਅੰਦਰ ਅੰਦਰ ਕਾਲਜ ਪੱਧਰ ਤੇ ਹੀ ਬਦਲਣ ਦੀ ਸੁਵਿਧਾ ਹੋਵੇਗੀ।

6) ਨਵੀਂ ਸਿੱਖਿਆ ਨੀਤੀ ਅਨੁਸਾਰ ਦਾਖਲਾ ਲੈ ਰਹੇ ਵਿਦਿਆਰਥੀ ਇੱਕ ਵਾਰ ਕਾਉਂਸਲਿੰਗ ਦੌਰਾਨ ਸਬੰਧਿਤ ਅਧਿਕਾਰੀਆਂ ਤੋਂ ਆਪਣੇ ਵਿਸ਼ੇ ਚੈੱਕ ਕਰਵਾਉਣਾ ਯਕੀਨੀ ਬਣਾਉਗੇ।

## ਰਾਖਵੀਆਂ ਸੀਟਾਂ (Reservation of Seats)

ਰਾਖਵੀਆਂ ਸੀਟਾਂ ਦਾ ਵੇਰਵਾ ਇਸ ਪ੍ਰਕਾਰ ਹੈ:- ਅਨੁਸੂਚਿਤ ਜਾਤੀਆਂ ਲਈ 25%, ਪਛੜੀਆਂ ਸ਼੍ਰੇਣੀਆਂ ਲਈ 10% ਆਰਮਡਫੋਰਸ/ਸੀ.ਆਰ.ਪੀ.ਐਫ./ਬੀ.ਐਸ.ਐਫ./ਪੁਲਿਸ ਵਿੱਚ ਕੰਮ ਕਰ ਰਹੇ/ਸੇਵਾ ਮੁਕਤ ਕਰਮਚਾਰੀਆਂ ਦੇ ਬੱਚਿਆਂ ਲਈ (ਸੇਵਾ ਦੌਰਾਨ ਸਵਰਗਕਾਸ ਹੋਏ ਵੀ ਸ਼ਾਮਿਲ ਹਨ) 2%, ਖਿਡਾਰੀਆਂ ਲਈ 2%, ਅਪੰਗ ਵਿਅਕਤੀਆਂ ਲਈ 3% ਅਤੇ ਅਧਿਆਪਕਾਂ/ ਸਿੱਖਿਆ ਵਿਭਾਗ ਦੇ ਕਰਮਚਾਰੀਆਂ ਦੇ ਬੱਚਿਆਂ ਲਈ 2%, ਸੁਤੰਤਰਤਾ ਸੰਗਰਾਮੀਆਂ ਦੇ ਬੱਚੇ, ਪੋਤੇ-ਪੋਤੀਆਂ ਅਤੇ ਦੋਹਤੇ-ਦੋਹਤੀਆਂ ਲਈ 2%, ਖਾੜਕੂਆਂ ਹਥੋਂ/ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ਦੌਰਾਨ 50% ਨਕਾਰਾ ਹੋਏ ਵਿਅਕਤੀਆਂ/ ਸਿੱਖ ਪ੍ਰਵਾਸੀਆਂ/ ਅੰਦਰੂਨੀ ਪ੍ਰਵਾਸੀ ਪਹਿਰਾਵਾਂ ਦੇ ਬੱਚਿਆਂ ਲਈ 2%। ਰਾਖਵੀਆਂ ਸੀਟਾਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੋਣਗੀਆਂ।

**ਵਿਸ਼ੇਸ਼ ਸੀਟਾਂ:** ਜੰਮੂ ਐਂਡ ਕਸ਼ਮੀਰ ਦੇ ਵਿਦਿਆਰਥੀਆਂ ਲਈ ਪ੍ਰਧਾਨ ਮੰਤਰੀ ਵਿਸ਼ੇਸ਼ ਸਕਾਲਰਸ਼ਿਪ ਸਕੀਮ ਅਧੀਨ ਅੰਡਰ ਗ੍ਰੈਜੂਏਟ ਕੋਰਸਾਂ ਵਿੱਚ 10 ਸੀਟਾਂ ਰਾਖਵੀਆਂ ਇਸ ਪ੍ਰਕਾਰ ਹਨ:- ਬੀ.ਏ. (5), ਬੀ.ਐਸਸੀ., ਨਾਨ-ਮੈਡੀਕਲ (2), ਬੀ.ਐਸਸੀ. ਮੈਡੀਕਲ (2) ਬੀ.ਐਸਸੀ. ਨਾਨ-ਮੈਡੀਕਲ (ਕੰਪਿਊਟਰ ਸਾਇੰਸ (1)

**ਨੋਟ:-**1. ਖਿਡਾਰੀਆਂ ਲਈ ਰਾਖਵੀਆਂ ਸੀਟਾਂ ਦੀ ਮੈਰਿਟ ਖੇਡਾਂ ਵਿੱਚ ਪ੍ਰਾਪਤੀ ਮੰਨੀ ਜਾਵੇਗੀ ਨਾ ਕਿ ਪ੍ਰਾਪਤ ਕੀਤੇ ਅੰਕ ਪਰ ਘੱਟ ਤੋਂ ਘੱਟ ਯੋਗਤਾ ਦੇ ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ। ਇਸ ਤੋਂ ਇਲਾਵਾ ਪੇਂਡੂ ਖੇਤਰ ਨਾਲ ਸੰਬੰਧਤ ਅਤੇ ਹੋਰ ਰਾਖਵੀਆਂ ਸੀਟਾਂ ਸੰਬੰਧੀ ਪੰਜਾਬ ਸਰਕਾਰ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਹਦਾਇਤਾਂ ਪੂਰੀ ਤਰ੍ਹਾਂ ਲਾਗੂ ਕੀਤੀਆਂ ਜਾਣਗੀਆਂ।

2. ਰਾਖਵੀਆਂ ਸੀਟਾਂ ਦਾ ਵੇਰਵਾ ਪੰਜਾਬ ਸਰਕਾਰ/ਸ਼ੋਸ਼ਲ ਵੈਲਫੇਅਰ ਵਿਭਾਗ ਦੇ ਨਿਯਮਾਂ ਅਨੁਸਾਰ ਹੋਵੇਗਾ।

# ਦਾਖ਼ਲਾ ਲੈਣ ਸਮੇਂ ਧਿਆਨ ਰੱਖਣ ਯੋਗ ਗੱਲਾਂ

**1. ਦਾਖ਼ਲਾ ਫਾਰਮ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼**

**(ੳ) ਦਾਖ਼ਲਾ ਫਾਰਮ:–** ਵਿਦਿਆਰਥੀ ਵੱਲੋਂ ਦਾਖ਼ਲਾ ਫਾਰਮ ਹਰ ਪੱਖ ਤੋਂ ਮੁਕੰਮਲ ਕਰਕੇ ਦਿੱਤਾ ਜਾਵੇ।

**(ਅ) ਪਾਸਪੋਰਟ ਸਾਈਜ਼ ਤਸਵੀਰ:–** ਹਰ ਵਿਦਿਆਰਥੀ ਦੇ ਦਾਖਲਾ ਫਾਰਮ ਤੇ ਨਿਸ਼ਚਿਤ ਸਥਾਨ ਉੱਪਰ ਪਾਸਪੋਰਟ ਸਾਈਜ਼ ਚਿਪਕਾਈ ਜਾਵੇ।

**(ੲ) ਆਚਰਨ ਸਰਟੀਫਿਕੇਟ:–** ਇਸ ਕਾਲਜ ਵਿੱਚ ਪਹਿਲੀ ਵਾਰ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਲਈ ਇਹ ਸਰਟੀਫਿਕੇਟ ਉਸ ਸੰਸਥਾ ਦੇ ਮੁਖੀ ਵੱਲੋਂ ਪ੍ਰਦਾਨ ਕੀਤਾ ਹੋਵੇ ਜਿੱਥੇ ਵਿਦਿਆਰਥੀ ਸਭ ਤੋਂ ਅੰਤ ਵਿੱਚ ਪੜ੍ਹਿਆ ਹੈ। ਪ੍ਰਾਈਵੇਟ ਵਿਦਿਆਰਥੀ ਕਿਸੇ ਗਜ਼ਟਡ ਅਫਸਰ ਵੱਲੋਂ ਤਸਦੀਕ ਸ਼ੁਦਾ ਸਰਟੀਫਿਕੇਟ ਦੇ ਸਕਦੇ ਹਨ। ਇਹ ਸਰਟੀਫਿਕੇਟ ਦਾਖਲ ਹੋਣ ਵੇਲੇ ਤਿੰਨ ਮਹੀਨੇ ਤੋਂ ਪਹਿਲਾਂ ਦੀ ਤਾਰੀਖ਼ ਦਾ ਜਾਰੀ ਕੀਤਾ ਨਹੀਂ ਹੋਣਾ ਚਾਹੀਦਾ। ਇਸ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਲਈ ਇਸਦੀ ਲੋੜ ਨਹੀਂ ਹੈ।

**(ਸ) ਪਿਛਲਾ ਇਮਤਿਹਾਨ ਪਾਸ ਕਰਨ ਦਾ ਸਰਟੀਫਿਕੇਟ:–** ਵਿਦਿਆਰਥੀ ਨੇ ਫਾਰਮ ਨਾਲ ਉਸਦੀ ਪਿਛਲੀ ਸ਼੍ਰੇਣੀ ਪਾਸ ਕਰਨ ਦੇ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਜ਼ਰੂਰ ਲਗਾਈ ਹੋਵੇ।

**(ਹ) ਜਨਮ ਮਿਤੀ ਸਰਟੀਫਿਕੇਟ:–** ਹਰ ਵਿਦਿਆਰਥੀ ਦੇ ਦਾਖ਼ਲਾ ਫਾਰਮ ਨਾਲ ਜਨਮ ਮਿਤੀ ਦਾ ਸਰਟੀਫਿਕੇਟ ਜ਼ਰੂਰ ਲੱਗਿਆ ਹੋਣਾ ਚਾਹੀਦਾ ਹੈ।

**(ਕ) ਸ਼੍ਰੇਣੀ ਸੰਬੰਧੀ ਸਰਟੀਫਿਕੇਟ:–** ਵਿਦਿਆਰਥੀ ਆਪਣੇ ਦਾਖ਼ਲਾ ਫਾਰਮ ਤੇ ਸ਼੍ਰੇਣੀ ਦਾ ਨਾਮ ਜਰੂਰ ਭਰਨ। ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਅਤੇ ਪੱਛੜੀਆਂ ਸ਼੍ਰੇਣੀ ਦੇ ਵਿਦਿਆਰਥੀਆਂ ਜਿੰਨ੍ਹਾਂ ਨੇ ਫੀਸ ਵਿੱਚੋਂ ਛੋਟ ਦਾ ਲਾਭ ਪ੍ਰਾਪਤ ਕਰਨਾ ਹੈ, ਉਹਨਾਂ ਵਿਦਿਆਰਥੀਆਂ ਲਈ ਹੇਠ ਲਿਖੇ ਦਸਤਾਵੇਜ਼ ਜ਼ਰੂਰੀ ਹਨ:–

**(i) ਜਾਤੀ ਸਰਟੀਫਿਕੇਟ:–** ਵਿਦਿਆਰਥੀ ਦੇ ਨਾਮ ਦਾ ਜਾਤੀ ਸਰਟੀਫਿਕੇਟ ਹੋਵੇ।

**(ii) ਮਾਤਾ/ਪਿਤਾ/ਪਾਲਕ ਦਾ ਆਮਦਨ ਸਰਟੀਫਿਕੇਟ:–** ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਵਿਦਿਆਰਥੀ ਦੇ ਮਾਤਾ/ਪਿਤਾ/ਪਾਲਕ ਦੇ ਨਾਮ ਦਾ ਆਮਦਨ ਸਰਟੀਫਿਕੇਟ ਹੋਣਾ ਜ਼ਰੂਰੀ ਹੈ, ਜਿਸ ਉੱਤੇ ਉਸਦੇ ਮਾਪਿਆਂ ਦੀ ਆਮਦਨ ਅਤੇ ਕਿੱਤੇ ਦਾ ਵਰਨਣ ਹੋਵੇ, ਦਾਖ਼ਲਾ ਫਾਰਮ ਨਾਲ ਲੱਗਿਆ ਹੋਣਾ ਚਾਹੀਦਾ ਹੈ। ਇਹ ਸਰਟੀਫਿਕੇਟ ਕਾਰਜਕਾਰੀ ਮੈਜਿਸਟਰੇਟ ਵੱਲੋਂ ਜਾਰੀ ਕੀਤਾ ਗਿਆ ਹੋਵੇ ਅਤੇ ਇਹ ਸਰਟੀਫਿਕੇਟ ਇੱਕ ਸਾਲ ਤੋਂ ਵੱਧ ਪੁਰਾਣਾ ਨਹੀਂ ਹੋਣਾ ਚਾਹੀਦਾ।

**(iii) ਰਿਹਾਇਸ਼ ਸਰਟੀਫਿਕੇਟ:–** ਵਿਦਿਆਰਥੀ ਕੋਲ ਰਿਹਾਇਸ਼ ਸਰਟੀਫਿਕੇਟ ਹੋਣਾ ਜ਼ਰੂਰੀ ਹੈ ਅਤੇ ਇਹ ਸਰਟੀਫਿਕੇਟ ਤਿੰਨ ਸਾਲ ਤੋਂ ਵੱਧ ਪੁਰਾਣਾ ਨਹੀਂ ਹੋਣਾ ਚਾਹੀਦਾ।

**(iv) ਅਧਾਰ ਕਾਰਡ:–** ਦਾਖ਼ਲੇ ਸਮੇਂ ਵਿਦਿਆਰਥੀ ਕੋਲ ਆਪਣੇ, ਮਾਤਾ, ਪਿਤਾ ਜਾਂ ਪਾਲਕ ਦਾ ਅਧਾਰ ਕਾਰਡ ਹੋਣਾ ਜ਼ਰੂਰੀ ਹੈ।

**(v) ਬੈਂਕ ਖਾਤਾ:–** ਵਿਦਿਆਰਥੀ ਦੇ ਆਪਣੇ ਨਾਮ ਦਾ ਬੈਂਕ ਖਾਤਾ ਹੋਣਾ ਜ਼ਰੂਰੀ ਹੈ।

**(vi) ਮਾਈਗਰੇਸ਼ਨ ਸਰਟੀਫਿਕੇਟ:–** ਕਿਸੇ ਹੋਰ ਯੂਨੀਵਰਸਿਟੀ/ਬੋਰਡ ਵਿੱਚ ਪੜ੍ਹੇ ਵਿਦਿਆਰਥੀ ਨੂੰ ਆਪਣਾ ਯੂਨੀਵਰਸਿਟੀ/ਬੋਰਡ ਬਦਲੀ ਕਰਨ ਦਾ ਸਰਟੀਫਿਕੇਟ ਜ਼ਰੂਰ ਦੇਣਾ ਪਵੇਗਾ।

**2. ਅਸਲੀ ਸਰਟੀਫਿਕੇਟ:–** ਇੰਟਰਵਿਊ ਸਮੇਂ ਹਰ ਵਿਦਿਆਰਥੀ ਲਈ ਆਪਣੇ ਅਸਲੀ ਸਰਟੀਫਿਕੇਟ ਵਿਖਾਉਣੇ ਜ਼ਰੂਰੀ ਹਨ।

# ਦਾਖ਼ਲੇ ਲਈ ਅਯੋਗ ਵਿਦਿਆਰਥੀ

1. ਜਿੰਨ੍ਹਾਂ ਵਿਦਿਆਰਥੀਆਂ ਨੇ ਕਿਸੇ ਦੂਸਰੀ ਯੂਨੀਵਰਸਿਟੀ/ਬੋਰਡ ਤੋਂ ਪਿਛਲੀ ਪ੍ਰੀਖਿਆ ਪਾਸ ਕੀਤੀ ਹੋਵੇ ਅਤੇ ਉਸਨੂੰ ਪੰਜਾਬ ਯੂਨੀਵਰਸਿਟੀ/ਪੰਜਾਬ ਸਕੂਲ ਸਿੱਖਿਆ ਬੋਰਡ ਨੇ ਬਰਾਬਰਤਾ ਸਰਟੀਫਿਕੇਟ (Equivalence Certificate) ਨਾ ਦਿੱਤਾ ਹੋਵੇ।
2. ਜਿੰਨ੍ਹਾਂ ਦੀ 10+2 ਜਾਂ ਕਿਸੇ ਹੋਰ ਪਿਛਲੀ ਪ੍ਰੀਖਿਆ ਵਿੱਚੋਂ ਇਕ ਤੋਂ ਵੱਧ ਵਿਸ਼ਿਆਂ ਵਿੱਚ ਕੰਪਾਰਟਮੈਂਟ ਜਾਂ ਰੀਅਪੀਅਰ ਆਈ ਹੋਵੇ।

**ਨੋਟ:-**

1. ਜੇਕਰ ਕੋਈ ਵਿਦਿਆਰਥੀ ਕਿਸੇ ਵੀ ਗਲਤ ਬਿਆਨੀ ਕਰਕੇ ਜਾਂ ਗਲਤ ਸਰਟੀਫਿਕੇਟ ਦੇ ਕੇ ਕਾਲਜ ਵਿੱਚ ਦਾਖ਼ਲ ਹੋ ਜਾਂਦਾ ਹੈ ਤਾਂ ਕਿਸੇ ਵੀ ਸਮੇਂ ਪਤਾ ਲੱਗਣ ਤੇ ਉਸਦਾ ਦਾਖ਼ਲਾ ਖਾਰਜ ਕੀਤਾ ਜਾ ਸਕਦਾ ਹੈ ਅਤੇ ਉਸ ਵਿਰੁੱਧ ਕਾਨੂੰਨੀ/ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ ਅਤੇ ਉਸ ਵਿਦਿਆਰਥੀ ਦੀ ਫੀਸ ਸਰਕਾਰੀ ਨਿਯਮਾਂ ਅਨੁਸਾਰ ਵਾਪਿਸ ਨਹੀਂ ਕੀਤੀ ਜਾਵੇਗੀ।
2. ਹਰ ਵਿਸ਼ੇ ਵਿੱਚ ਦਾਖ਼ਲ ਕੀਤੇ ਜਾਣੇ ਵਾਲੇ ਵਿਦਿਆਰਥੀਆਂ ਦੀ ਗਿਣਤੀ ਦਾਖ਼ਲੇ ਸਮੇਂ ਸਟਾਫ਼ ਦੀ ਸਥਿਤੀ ਅਨੁਸਾਰ ਨਿਸ਼ਚਿਤ ਕੀਤੀ ਜਾਵੇਗੀ।
3. ਉਹਨਾਂ ਵਿਸ਼ਿਆਂ ਜਾਂ ਸ਼੍ਰੇਣੀਆਂ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀ ਨੂੰ ਆਪਣਾ ਵਿਸ਼ਾ ਬਦਲਣਾ ਪਵੇਗਾ, ਜੋ ਕਾਲਜ ਵਿੱਚ ਦਿੱਤੇ ਵਿਸ਼ਾ ਸੰਜੋਗ ਅਨੁਸਾਰ ਨਹੀਂ ਹੋਵੇਗਾ।
4. ਕਾਲਜ ਵਿੱਚ ਦਾਖ਼ਲ ਹੋਇਆ ਵਿਦਿਆਰਥੀ ਕੋਰਸ ਦੀ ਮਿਆਦ ਦੌਰਾਨ ਕਿਸੇ ਹੋਰ ਸੰਸਥਾ ਵਿੱਚ ਦਾਖ਼ਲ ਨਹੀਂ ਹੋ ਸਕਦਾ ਅਤੇ ਨਾ ਹੀ ਕਿਸੇ ਥਾਂ 'ਤੇ ਨੌਕਰੀ ਕਰ ਸਕਦਾ ਹੈ। ਅਜਿਹਾ ਕਰਨ ਵਾਲੇ ਵਿਦਿਆਰਥੀ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
5. ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ ਦੇ ਪੱਤਰ ਨੰ. 13/59/06-6 ਸਿ-1/16332 ਮਿਤੀ 23-6-2006 ਅਨੁਸਾਰ 15 ਵਿਦਿਆਰਥੀਆਂ ਤੋਂ ਘੱਟ ਦੀ ਸੂਰਤ ਵਿੱਚ ਵਿਸ਼ਾ/ਕਲਾਸ ਚਾਲੂ ਨਹੀਂ ਕੀਤੀ ਜਾਵੇਗੀ।

## ਸੈਸ਼ਨ 2025-26 ਦਾ ਕਲਾਸ ਅਨੁਸਾਰ ਫ਼ੀਸ ਦਾ ਵੇਰਵਾ

| ਕਲਾਸ | ਫੀਸ |
|---|---|
| ਬੀ.ਐੱਸ.ਸੀ ਭਾਗ-1 ਮੈਡੀਕਲ | 11296 |
| ਬੀ.ਐੱਸ.ਸੀ. ਭਾਗ-1 (ਨਾਨ-ਮੈਡੀਕਲ ਵਿਦ ਕੰਪਿਊਟਰ ਸਾਇੰਸ) | 12768 |
| ਬੀ.ਐੱਸ.ਸੀ. (ਹੋਮ ਸਾਇੰਸ) | 11296 |
| ਬੀ.ਐੱਸ.ਸੀ. ਭਾਗ-2,3 (ਮੈਡੀਕਲ) | 9666 |
| ਬੀ.ਐੱਸ.ਸੀ. ਭਾਗ-2, 3 (ਨਾਨ-ਮੈਡੀਕਲ ਵਿਦ ਕੰਪਿਊਟਰ ਸਾਇੰਸ) | 11138 |
| ਬੀ.ਐੱਸ.ਸੀ. ਭਾਗ-2, 3 (ਹੋਮ ਸਾਇੰਸ) | 9666 |
| ਬੀ.ਏ. ਭਾਗ-1 | 11128 |
| ਬੀ.ਏ. ਭਾਗ-2 | 9498 |
| ਬੀ.ਏ. ਭਾਗ-3 | 9498 |

ਉਪਰੋਕਤ ਤੋਂ ਇਲਾਵਾ ਹੇਠ ਲਿਖੇ ਚਾਰਜ ਵੀ ਲਾਗੂ ਹੋਣਗੇ:

- ❖ ਸਾਇਕਲ ਫੰਡ 24/- , ਸਕੂਟਰ ਫੰਡ 60/-
- ❖ ਹੋਸਟਲ ਫੰਡ ਸਲਾਨਾ 192/-, ਰੂਮ ਰੈਂਟ ਸਲਾਨਾ 24/-, ਪੱਖਿਆ ਦਾ ਕਿਰਾਇਆ (ਸਲਾਨਾ) 80/-
- ❖ ਹੋਸਟਲ ਸਕਿਊਰਟੀ 30/-, ਹੋਸਟਲ ਚਾਰਜਿਜ ਸਲਾਨਾ 10,500/-
- ❖ ਮੈਸ ਸਕਿਊਰਟੀ (ਰਿਫੰਡੇਵਲ) 1000/- (ਕੇਵਲ ਹੋਸਟਲ ਦੀਆਂ ਵਿਦਿਆਰਥਣਾਂ ਲਈ)
- ❖ ਯੂਨੀਵਰਸਿਟੀ ਆਨਲਾਈਨ ਫਾਰਮ ਚਾਰਜ ਨਿਯਮਾਂ ਅਨੁਸਾਰ ਜਨਰਲ ਤੇ ਦੂਜੀ ਕੈਟਾਗਰੀ-170, ਐਸ.ਸੀ.-110
- ❖ ਮਾਈਗ੍ਰੇਸ਼ਨ ਫੀਸ ਜੇ ਲਾਗੂ ਹੋਵੇ 1 70/-

**ਨੋਟ:-** ਜੇਕਰ ਸਰਕਾਰ/ਯੂਨੀਵਰਸਿਟੀ ਦੁਆਰਾ ਫੀਸਾਂ ਵਿੱਚ ਵਾਧਾ ਕੀਤਾ ਜਾਂਦਾ ਹੈ ਤਾਂ ਉਸ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇਗੀ।

# ਫੀਸ ਅਦਾਇਗੀ ਦੇ ਨਿਯਮ

## (Rules regarding payment of fees)

❖ ਵਿਦਿਆਰਥਣ ਦਾਖ਼ਲਾ ਫ਼ੀਸ ਦੀ ਵਿਸ਼ੇਸ਼ ਸਲਿੱਪ ਚਾਰ ਪੜ੍ਹਤਾਂ ਵਿੱਚ ਕਾਲਜ ਦੇ ਫ਼ੀਸ ਕਾਊਂਟਰ ਤੋਂ ਪ੍ਰਾਪਤ ਕਰਕੇ ਬੈਂਕ ਵਿੱਚ ਜਮ੍ਹਾਂ ਕਰਵਾਉਣ ਉਪਰੰਤ ਇੱਕ ਕਾਪੀ ਕਾਲਜ ਵਿੱਚ ਵਾਪਿਸ ਜਮ੍ਹਾਂ ਕਰਵਾ ਦੇਵੇਗੀ। ਹਰ ਕਲਾਸ ਦੀ ਫ਼ੀਸ ਦਾ ਵੇਰਵਾ ਇਸ ਪ੍ਰਾਸਪੈਕਟਸ ਦੇ ਪੰਨਾਂ ਨੰਬਰ 14 ਤੇ ਦਿੱਤਾ ਗਿਆ ਹੈ। ਫੰਡ, ਫੀਸ ਤੇ ਜੁਰਮਾਨੇ ਮਿੱਥੀ ਮਿਤੀ ਤੱਕ ਨਾ ਦਿੱਤੇ ਜਾਣ ਦੀ ਸੂਰਤ ਵਿੱਚ ਵਿਦਿਆਰਥੀ ਦਾ ਨਾਂ ਕਾਲਜ ਰੋਲਜ ਤੋਂ ਕੱਟ ਦਿੱਤਾ ਜਾਵੇਗਾ। ਇਸ ਸੰਬੰਧ ਵਿੱਚ ਦੁਬਾਰਾ ਸੂਚਨਾ ਜਾਰੀ ਨਹੀਂ ਕੀਤੀ ਜਾਵੇਗੀ। ਦਾਖਲਾ ਹੋਣ ਉਪਰੰਤ ਫ਼ੀਸ ਚਲਾਨ ਰਾਹੀਂ ਉਸੇ ਦਿਨ ਹੀ ਜਮ੍ਹਾਂ ਹੋਵੇਗੀ।

### ਫ਼ੀਸ ਰੀਫੰਡ ਕਰਨ ਸਬੰਧੀ ਨਿਯਮ (Rules regarding refund of fees)

❖ ਪੰਜਾਬੀ ਯੂਨੀਵਰਸਿਟੀ ਦੇ ਪੱਤਰ ਨੰਬਰ 16298-16505/ਕਾਲਜ/ਜੀ.ਸੀ. 6 ਮਿਤੀ: 27-11-2014 ਅਨੁਸਾਰ ਵਿਦਿਆਰਥੀ ਵੱਲੋਂ ਦਾਖ਼ਲਾ ਲੈਣ ਉਪਰੰਤ ਕਿਸੇ ਕਾਰਨ ਕਾਲਜ ਛੱਡ ਜਾਣ ਦੀ ਸੂਰਤ ਵਿੱਚ ਦਾਖ਼ਲਾ ਫੀਸ ਰੀਫੰਡ ਕਰਨ ਸੰਬੰਧੀ ਨਿਯਮ ਹੇਠ ਲਿਖੇ ਹਨ:

1. ਜੇਕਰ ਕੋਈ ਵਿਦਿਆਰਥੀ ਕਾਲਜ/ਕਿਸੇ ਕੋਰਸ ਵਿੱਚ ਦਾਖ਼ਲਾ ਲੈਣ ਉਪਰੰਤ ਕੋਰਸ ਸ਼ੁਰੂ ਹੋਣ ਤੋਂ ਪਹਿਲਾਂ Withdraw ਕਰ ਲੈਂਦਾ ਹੈ ਤਾਂ ਉਸ ਵਿਦਿਆਰਥੀ ਨੂੰ ਜਮ੍ਹਾਂ ਕਰਵਾਈ ਗਈ ਟਿਊਸ਼ਨ ਫ਼ੀਸ ਵਿਚੋਂ 10% ਪਰ ਵੱਧ ਤੋਂ ਵੱਧ 1000/- ਰੁਪਏ ਪ੍ਰੋਸੈਸਿੰਗ ਫ਼ੀਸ ਕੱਟ ਕੇ ਬਾਕੀ ਵਾਪਸ ਕਰ ਦਿੱਤੀ ਜਾਵੇ। ਉਸ ਵਿਦਿਆਰਥੀ ਨੂੰ Proportionate deductions ਉਪਰੰਤ ਬਾਕੀ ਦੀ ਫ਼ੀਸ ਜੇਕਰ ਕੋਈ ਹੋਵੇ ਤਾਂ ਵਾਪਸ ਕਰ ਦਿੱਤੀ ਜਾਵੇ। ਉਹ ਵਿਦਿਆਰਥੀ ਜੋ ਦਾਖਲਾ ਖ਼ਤਮ ਹੋਣ ਅਰਥਾਤ ਦਾਖ਼ਲੇ ਦੀ ਆਖਰੀ ਮਿਤੀ ਤੋਂ ਬਾਅਦ ਕੋਰਸ ਛੱਡਦਾ ਹੈ ਤਾਂ ਉਸ ਵਿਦਿਆਰਥੀ ਨੂੰ ਕੋਈ ਫ਼ੀਸ/ਫੰਡ ਵਾਪਿਸ ਨਹੀਂ ਕੀਤੀ ਜਾਵੇਗੀ।
2. ਜੇਕਰ ਵਿਦਿਆਰਥੀ ਵੱਲੋਂ ਦੋ ਕੋਰਸਾਂ ਦੀ ਫ਼ੀਸ ਵੱਖ-ਵੱਖ ਕਾਲਜਾਂ ਵਿੱਚ ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ। ਤਾਂ ਉਸ ਨੂੰ ਇੱਕ ਕੋਰਸ ਦੀ ਫ਼ੀਸ (ਸਮੇਤ ਚੰਦੇ ਆਦਿ) ਵਾਪਿਸ ਕਰ ਦਿੱਤੀ ਜਾਵੇਗੀ। ਰੀਫੰਡ ਲਈ ਉਸ ਨੂੰ ਦੋਵੇਂ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਰਾਹੀਂ ਅਰਜ਼ੀ ਦੇਣੀ ਪਵੇਗੀ।
3. ਜੇਕਰ ਕੋਈ ਵਿਦਿਆਰਥੀ ਆਪਣੀ ਕੋਰਸ ਦੇ ਦੌਰਾਨ ਪੜ੍ਹਾਈ ਛੱਡ ਜਾਂਦਾ ਹੈ ਅਤੇ ਮੁੜ ਦਾਖਲਾ ਲੈਂਦਾ ਹੈ ਤਾਂ ਉਸਨੂੰ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਨਵੇਂ ਰੇਟਾਂ ਅਨੁਸਾਰ ਭਾਵ ਮੌਜੂਦਾ ਸ਼ੈਸ਼ਨ ਦੇ ਵਿਦਿਆਰਥੀਆਂ ਦੇ ਬਰਾਬਰ ਟਿਊਸ਼ਨ ਫੀਸ ਅਤੇ ਚੰਦੇ ਭਰਵਾਉਂਣੇ ਹੋਣਗੇ।
4. ਜੇਕਰ ਕੋਈ ਵਿਦਿਆਰਥੀ ਆਪਣੀ ਪੜ੍ਹਾਈ ਦੌਰਾਨ ਅਕਾਲ ਚਲਾਣਾ ਕਰ ਜਾਂਦਾ ਹੈ ਤਾਂ ਉਸ ਦੀ ਬਾਕੀ ਦੇ ਮਹੀਨਿਆਂ ਦੀ ਟਿਊਸ਼ਨ ਫ਼ੀਸ ਉਸ ਦੇ ਮਾਤਾ/ਪਿਤਾ ਜਾਂ ਉਸ ਦੇ ਪਤੀ ਜਿਵੇਂ ਵੀ ਹੋਵੇ ਰੀਫੰਡ ਕਰ ਦਿੱਤੀ ਜਾਵੇਗੀ। ਇਹ ਅਦਾਇਗੀ ਸਬੰਧਤ ਵੱਲੋਂ ਮੌਤ ਦੀ ਮਿਤੀ ਤੋਂ 2 ਮਹੀਨੇ ਦੇ ਅੰਦਰ-ਅੰਦਰ ਮੌਤ ਦਾ ਸਰਟੀਫਿਕੇਟ ਅਤੇ ਹਲਫੀਆ ਬਿਆਨ ਪ੍ਰਾਪਤ ਹੋਣ ਤੇ ਕੀਤੀ ਜਾਵੇਗੀ।
5. ਜੇਕਰ ਕੋਈ ਵਿਦਿਆਰਥੀ ਪਹਿਲਾਂ ਫ਼ੀਸ ਦੇ ਦਿੰਦਾ ਪਰ ਬਾਅਦ ਵਿੱਚ ਉਸ ਦੀ ਅੱਧੀ/ਪੂਰੀ ਟਿਊਸ਼ਨ ਫ਼ੀਸ ਮੁਆਫ਼ ਹੋ ਜਾਂਦੀ ਹੈ ਤਾਂ ਉਸ ਸਥਿਤੀ ਵਿੱਚ ਭਰਵਾਈ ਗਈ ਟਿਊਸ਼ਨ ਫ਼ੀਸ ਹੀ ਐਡਜਸਟ/ਰੀਫੰਡ ਕੀਤੀ ਜਾਵੇਗੀ।

### ਫੀਸ ਮੁਆਫੀ (Fee Concession)

1. ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਦੀ ਸਹਾਇਤਾ ਲਈ ਕਾਲਜ ਵਿੱਚ ਇੱਕ ਸੀਮਿਤ ਮਾਤਰਾ ਵਿੱਚ ਫ਼ੀਸ ਮੁਆਫ਼ ਕਰਨ ਦਾ ਪ੍ਰਬੰਧ ਹੈ। ਇਸ ਸਬੰਧ ਵਿੱਚ ਅਰਜ਼ੀ ਨਿਯਤ ਫ਼ਾਰਮ ਉੱਤੇ ਦੇਣੀ ਚਾਹੀਦੀ ਹੈ ਜੋ ਕਾਲਜ-ਦਫਤਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਅਰਜ਼ੀ ਉੱਤੇ ਪਿਤਾ/ਮਾਤਾ/ਸਰਪ੍ਰਸਤ (ਜੋ ਵਿਦਿਆਰਥੀ ਦੀ ਪਾਲਣਾ ਕਰਦਾ ਹੋਵੇ) ਦੇ ਹਸਤਾਖਰ ਕੀਤੇ ਹੋਣੇ ਚਾਹੀਦੇ ਹਨ। ਫਾਰਮ ਉੱਤੇ ਗਰੁੱਪ ਟਿਊਟਰ ਦੀ ਸਿਫ਼ਾਰਿਸ਼ ਹੋਣੀ ਵੀ ਜ਼ਰੂਰੀ ਹੈ।
2. ਫ਼ੀਸ ਕੇਵਲ ਉਸੇ ਹਾਲਤ ਵਿੱਚ ਮੁਆਫ ਰਹਿ ਸਕਦੀ ਹੈ ਜੇਕਰ ਵਿਦਿਆਰਥੀ ਕਲਾਸਾਂ ਵਿੱਚ ਬਕਾਇਦਾ ਹਾਜ਼ਰ ਰਹਿੰਦਾ ਹੈ,

ਪੜ੍ਹਾਈ ਵਿੱਚ ਸੰਤੋਖਜਨਕ ਪ੍ਰਗਤੀ ਵਿਖਾਉਂਦਾ ਹੈ ਅਤੇ ਕਾਲਜ ਦੀ M.S.T. ਵਿੱਚ ਚੰਗੇ ਨੰਬਰ ਪ੍ਰਾਪਤ ਕਰਦਾ ਹੈ। ਉਸ ਵਿਦਿਆਰਥੀ ਤੋਂ ਫ਼ੀਸ ਮੁਆਫ਼ੀ ਵਾਪਸ ਲਈ ਜਾ ਸਕਦੀ ਹੈ ਜਿਸ ਦੇ ਵਿਵਹਾਰ ਬਾਰੇ ਕਾਲਜ ਦੇ ਕਿਸੇ ਅਧਿਕਾਰੀ ਨੂੰ ਸ਼ਿਕਾਇਤ ਹੋਵੇ ਜਾਂ ਉਹ ਪੜ੍ਹਾਈ ਵਿੱਚ ਬੇਨਿਯਮੀ ਤੇ ਅਣਗਹਿਲੀ ਕਰਦਾ ਹੋਵੇ ਜਾਂ ਵਿਨਾਸ਼ਕ ਕੰਮਾਂ ਵਿੱਚ ਭਾਗ ਲੈਂਦਾ ਹੋਵੇ।

**ਛੁੱਟੀ ਬਾਰੇ ਸੂਚਨਾ (Rules About Leave)**

1. ਕਾਲਜ ਦੇ ਛੇ ਦਿਨ ਤੱਕ ਦੀ ਛੁੱਟੀ ਦੀ ਅਰਜ਼ੀ ਸਬੰਧਿਤ ਟਿਊਟਰ ਦੀ ਸਿਫ਼ਾਰਿਸ਼ ਸਹਿਤ ਕਾਲਜ ਦਫ਼ਤਰ ਵਿੱਚ ਦਿੱਤੀ ਜਾਵੇ।
2. ਛੇ ਦਿਨਾਂ ਦੀ ਵਧੇਰੇ ਛੁੱਟੀ ਲਈ ਸੰਬੰਧਿਤ ਟਿਊਟਰ ਰਾਹੀਂ ਅਰਜ਼ੀ ਸੀਨੀਅਰ ਟਿਊਟਰ ਨੂੰ ਪੇਸ਼ ਕੀਤੀ ਜਾਵੇ।
3. ਛੁੱਟੀ ਲੈਣ ਦਾ ਮਤਲਬ ਕੇਵਲ ਇੰਨਾ ਹੀ ਹੈ ਕਿ ਉਸ ਨੂੰ ਗੈਰ-ਹਾਜ਼ਰੀ ਦਾ ਜੁਰਮਾਨਾ ਨਹੀਂ ਹੋਵੇਗਾ। ਛੁੱਟੀ ਦਾ ਸਬੰਧ ਲੈਕਚਰਾਂ ਵਿੱਚ ਲੋੜੀਂਦੀ ਘੱਟੋ ਘੱਟ ਹਾਜ਼ਰੀ ਨਾਲ ਨਹੀਂ ਹੈ।
4. ਕਾਲਜ ਨਾਲ ਸਬੰਧਿਤ ਕਿਸੇ ਵੀ ਸਰਗਰਮੀ (Activity) ਵਿੱਚ ਭਾਗ ਲੈਣ ਵਾਸਤੇ ਭੇਜੇ ਗਏ ਵਿਦਿਆਰਥੀ ਉਸ ਸਰਗਰਮੀ ਦੇ ਇੰਚਾਰਜ-ਪ੍ਰੋਫੈਸਰ ਦੀ ਸਿਫ਼ਾਰਸ਼ ਕਰਵਾ ਕੇ ਆਪਣੀ ਛੁੱਟੀ ਦੀ ਅਰਜ਼ੀ ਮਨਜ਼ੂਰ ਕਰਵਾਉਣ ਲਈ ਟਿਊਟਰ ਰਾਹੀਂ ਦਫ਼ਤਰ ਵਿੱਚ ਦੇਣ। ਮਨਜ਼ੂਰ-ਸ਼ੁਦਾ ਛੁੱਟੀ ਤੋਂ ਬਿਨ੍ਹਾਂ ਹਾਜ਼ਰੀਆਂ ਦੀ ਘਾਟ ਪੂਰੀ ਨਹੀਂ ਕੀਤੀ ਜਾਵੇਗੀ। ਹਾਜ਼ਰੀਆਂ ਦੀ ਸਹੂਲਤ ਕੇਵਲ ਕਾਲਜ ਵੱਲੋਂ ਭੇਜੇ ਗਏ ਅਧਿਕਾਰਿਤ (Authorized) ਵਿਦਿਆਰਥੀ ਨੂੰ ਹੀ ਦਿੱਤੀ ਜਾਵੇਗੀ।
5. M.S.T. ਪ੍ਰੀਖਿਆ ਤੋਂ ਗੈਰ ਹਾਜ਼ਰੀ ਲਈ ਪ੍ਰਿੰਸੀਪਲ ਸਾਹਿਬ ਕੋਲੋਂ ਲਿਖਤੀ ਰੂਪ ਵਿੱਚ ਪਹਿਲਾਂ ਇਜਾਜ਼ਤ ਲੈਣੀ ਜਰੂਰੀ ਹੈ।

**ਕਾਲਜ ਛੱਡਣ ਸੰਬੰਧੀ ਨਿਯਮ (College Leaving Rules)**

❖ ਕਾਲਜ ਛੱਡਣ ਦੇ ਇਛੁੱਕ ਵਿਦਿਆਰਥੀ ਲਿਖਤੀ ਰੂਪ ਵਿੱਚ ਬੇਨਤੀ ਕਰਨਗੇ। ਜਦੋਂ ਤੱਕ ਵਿਦਿਆਰਥੀ ਦਾ ਨਾਂ ਕਾਲਜ ਵੱਲੋਂ ਰਸਮੀ ਤੌਰ ’ਤੇ ਕੱਟਿਆ ਨਹੀਂ ਜਾਂਦਾ ਉਸ ਨੂੰ ਕਾਲਜ ਦੇ ਭਰਨ ਯੋਗ ਖ਼ਰਚੇ ਤੇ ਜੁਰਮਾਨੇ, ਜੋ ਉਸ ਵੱਲ ਬਣਦੇ ਹੋਣਗੇ, ਦੇਣੇ ਪੈਣਗੇ। ਜਿਨ੍ਹਾ ਵਿਦਿਆਰਥਣਾਂ ਵੱਲ ਜੁਰਮਾਨੇ ਦੇ ਬਕਾਏ, ਕਾਲਜ ਦੇ ਬਕਾਏ ਜਾਂ ਲਾਇਬ੍ਰੇਰੀ ਦੀਆਂ ਪੁਸਤਕਾਂ ਨਿਕਲਦੀਆਂ ਹੋਣ, ਉਨ੍ਹਾਂ ਨੂੰ ਕਾਲਜ ਛੱਡਣ ਦਾ ਪ੍ਰਮਾਣ ਪੱਤਰ ਜਾਰੀ ਨਹੀਂ ਕੀਤਾ ਜਾਵੇਗਾ ਅਤੇ ਉਨ੍ਹਾਂ ਵਿਰੁੱਧ ਢੁੱਕਵੀਂ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

**ਕਾਲਜ ਲਾਇਬ੍ਰੇਰੀ ਤੇ ਰੀਡਿੰਗ ਰੂਮ (College Library & Reading Room)**

❖ ਕਾਲਜ ਦੀ ਲਾਇਬ੍ਰੇਰੀ ਵਿੱਚ ਇਸ ਸਮੇਂ ਲਗਭਗ 56834 ਕਿਤਾਬਾਂ ਹਨ। 18 ਅਖ਼ਬਾਰਾਂ ਅਤੇ 68 ਰਸਾਲੇ/ਜਨਰਲ ਆਉਂਦੇ ਹਨ। ਜਿਹਨਾਂ ਵਿੱਚ ਸਾਹਿਤਕ, ਕੈਰੀਅਰ, ਵਿਗਿਆਨ, ਹੋਮ ਸਾਇੰਸ, ਆਰਟਸ, ਮਿਊਜ਼ਿਕ, ਸੋਸ਼ਲ ਸਾਇੰਸਜ਼, ਖੇਡਾਂ ਅਤੇ ਜ਼ੋਗਰਫੀ ਨਾਲ ਸੰਬੰਧਤ ਰਸਾਲੇ ਹਨ। ਲਾਇਬ੍ਰੇਰੀ ਅਤੇ ਰੀਡਿੰਗ ਹਾਲ ਵਿਦਿਆਰਥਣਾਂ ਦੇ ਪੜ੍ਹਨ ਹਿੱਤ ਸਰਕਾਰੀ ਛੁੱਟੀਆਂ ਤੋਂ ਇਲਾਵਾ ਸਾਰਾ ਸਾਲ ਕਾਲਜ ਦੇ ਸਮੇਂ ਅਨੁਸਾਰ ਖੁੱਲ੍ਹਾ ਰਹਿੰਦਾ ਹੈ। ਰਫੈਰੈਂਸ ਪੁਸਤਕਾਂ ਪੜ੍ਹਨ ਹਿੱਤ ਸਰਕਾਰੀ ਸਹੂਲਤਾਂ ਮੌਜੂਦ ਹਨ ਅਤੇ ਲੋੜੀਂਦੀ ਜਾਣਕਾਰੀ ਫੋਟੋਸਟੇਟ ਕਰਵਾ ਕੇ ਦਿੱਤੀ ਜਾਂਦੀ ਹੈ। ਸਾਰੀਆਂ ਪੁਸਤਕਾਂ ਦਾ ਵਿਵਰਣ ਕੰਪਿਊਟਰ ਕੈਟਾਲਾਗ ਵਿੱਚ ਉਪਲੱਬਧ ਹੈ। ਜ਼ਰੂਰਤਮੰਦ ਵਿਦਿਆਰਥਣਾਂ ਬੁੱਕ ਬੈਂਕ ਤੋਂ ਕਿਤਾਬਾਂ ਲੈ ਸਕਦੀਆਂ ਹਨ। ਵਿਦਿਆਰਥਣਾਂ ਨੂੰ ਇਹ ਅਧਿਕਾਰ ਪ੍ਰਾਪਤ ਹੈ ਕਿ ਉਹ ਲਾਇਬ੍ਰੇਰੀਅਨ ਨੂੰ ਲਾਇਬ੍ਰੇਰੀ ਲਈ ਲੋੜੀਂਦੀਆਂ ਚੰਗੀਆਂ ਕਿਤਾਬਾਂ ਜਾਂ ਲਾਇਬ੍ਰੇਰੀ ਦੇ ਵਾਧੇ ਤੇ ਉੱਨਤੀ ਲਈ ਕੋਈ ਨਵੇਂ ਸੁਝਾਓ ਲਿਖ ਕੇ ਦੇ ਸਕਦੀਆਂ ਹਨ। ਇਸ ਦੇ ਨਾਲ ਕਾਲਜ ਲਾਇਬ੍ਰੇਰੀ ਦੀ ਬੁੱਕ ਬੈਂਕ ਸ਼ਾਖਾ ਨੂੰ ਹੋਰ ਮਜ਼ਬੂਤ ਬਣਾਉਣ ਲਈ ਚੰਗੀਆਂ ਟੈਕਸਟ ਬੁਕਸ ਦਾਨ ਵੀ ਦੇ ਸਕਦੀਆਂ ਹਨ। ਲਾਇਬ੍ਰੇਰੀ ਵਿੱਚ WiFi ਇੰਟਰਨੈੱਟ ਦੀ ਸਹੂਲਤ ਵੀ ਵਿਦਿਆਰਥਣਾਂ ਅਤੇ ਸਟਾਫ਼ ਲਈ ਉਪਲੱਬਧ ਹੈ। ਵਿੱਦਿਅਕ ਕੰਮਾਂ ਲਈ ਇਸ ਦਾ ਭਰਪੂਰ ਫਾਇਦਾ ਉਠਾ ਸਕਦੇ ਹਨ। ਲਾਇਬ੍ਰੇਰੀ ਵਿੱਚ (nlist) ਨੈਸ਼ਨਲ ਲਾਇਬ੍ਰੇਰੀ ਅਤੇ ਇਨਫਾਰਮੇਸ਼ਨ ਸਰਵਿਸਜ਼ ਇਨਫ਼ਰਾਸਟਰਕਚਰ ਫਾਰ ਸਕਾਲਰਲੀ ਕੰਟੈਂਟ (htt:nlist Inflibnet.ac.in) ਪ੍ਰੋਗਰਾਮ ਸਬਸਕਰਾਈਵ ਕੀਤਾ ਗਿਆ ਹੈ। ਜਿਸ ਸਬੰਧੀ ਪਾਸਵਰਡ ਲਾਇਬ੍ਰੇਰੀ ਤੋਂ ਲੈ ਕੇ ਸਟਾਫ਼ ਅਤੇ ਵਿਦਿਆਰਥੀ 100000 ਈ ਬੁਕਸ ਅਤੇ 4000 ਈ ਜਨਰਲ ਦੀ ਅਕਸੈਸ ਪ੍ਰਾਪਤ ਕਰ ਸਕਦੇ ਹਨ।

**ਸ਼ਨਾਖਤੀ/ ਲਾਇਬ੍ਰੇਰੀ ਕਾਰਡ (Identity/Library Card)**

ਸੈਸ਼ਨ ਸ਼ੁਰੂ ਹੋਣ ਤੇ ਹਰ ਵਿਦਿਆਰਥਣ ਲਈ ਦਾਖ਼ਲੇ ਹੋਣ ਤੋਂ 15 ਦਿਨਾਂ ਦੇ ਵਿੱਚ, ਲਾਇਬ੍ਰੇਰੀ/ਸ਼ਨਾਖਤੀ ਕਾਰਡ ਬਣਾਉਣਾ

ਲਾਜ਼ਮੀ ਹੈ ਕਿਉਂਕਿ:

1. ਕਾਲਜ ਵਿੱਚ ਰੋਜ਼ਾਨਾ I Card ਲਿਆਉਣਾ ਜ਼ਰੂਰੀ ਹੈ।
2. ਲਾਇਬ੍ਰੇਰੀ ਵਿਚੋਂ ਕਿਤਾਬਾਂ ਲੈਣ ਲਈ ਪੜ੍ਹਨ ਆਉਣ ਲਈ ਆਈ ਕਾਰਡ ਦਾ ਹੋਣਾ ਅਤਿ ਜ਼ਰੂਰੀ ਹੈ।
3. ਕਾਰਡ ਨੂੰ ਪੂਰੀ ਤਰ੍ਹਾਂ ਸੰਭਾਲ ਦੇ ਰੱਖਣਾ ਚਾਹੀਦਾ ਹੈ। ਗੁੰਮ ਹੋ ਜਾਣ ਤੇ ਦੂਜਾ ਕਾਰਡ ਬਣਾਉਣ ਲਈ ਵਿਭਾਗ ਦੇ ਨਿਯਮਾਂ ਅਨੁਸਾਰ ਪੈਸੇ ਦਫ਼ਤਰ ਵਿੱਚ ਜਮ੍ਹਾਂ ਕਰਵਾ ਕੇ ਨਵਾਂ ਕਾਰਡ ਤੁਰੰਤ ਬਣਵਾ ਲਿਆ ਜਾਵੇ। ਕਿਸੇ ਵੀ ਸੂਰਤ ਵਿੱਚ ਵਿਦਿਆਰਥਣ ਆਪਣੇ ਕੋਲ ਦੋ ਕਾਰਡ ਨਹੀਂ ਰੱਖ ਸਕਦੀ।
4. ਇਹ ਕਾਰਡ ਕਿਸੇ ਹੋਰ ਮੈਂਬਰ ਵਿਦਿਆਰਥੀ ਨਾਲ ਬਦਲਿਆ ਨਹੀਂ ਜਾ ਸਕਦਾ।
5. ਲਾਇਬ੍ਰੇਰੀ ਤੋਂ ਪੁਸਤਕ 14 ਦਿਨਾਂ ਲਈ ਇਸ਼ੂ ਕੀਤੀ ਜਾਂਦੀ ਹੈ ਅਤੇ ਇਸ ਨੂੰ ਸਮੇਂ ਸਿਰ ਵਾਪਿਸ ਕਰਨਾ ਹੁੰਦਾ ਹੈ।
6. ਪੇਪਰ ਸ਼ੁਰੂ ਹੋਣ ਤੋਂ ਪਹਿਲਾਂ ਨੋ ਡਿਊਜ਼, ਲੈਣ ਲਈ ਪੁਸਤਕਾਂ ਵਾਪਿਸ ਕਰਨੀਆਂ ਜ਼ਰੂਰੀ ਹਨ, ਨਹੀਂ ਤਾਂ ਰੋਲ ਨੰਬਰ ਨਹੀਂ ਦਿੱਤਾ ਜਾਵੇਗਾ।
7. ਕਾਰਡ ਉੱਤੇ ਲਈਆਂ ਸਾਰੀਆਂ ਕਿਤਾਬਾਂ ਦੀ ਜ਼ਿੰਮੇਵਾਰੀ ਵਿਦਿਆਰਥਣ ਦੀ ਆਪਣੀ ਹੋਵੇਗੀ।

**ਸਕਿਓਰਟੀ ਰੀਫੰਡ ਕਰਨ ਸਬੰਧੀ ਨਿਯਮ (Rules Regarding Refund of Security)**

ਵਿਦਿਆਰਥਣ ਜੋ ਕੋਰਸ ਕਰ ਰਹੀ ਹੋਵੇਗੀ ਉਸਦੇ ਅੰਤਲੇ ਸਾਲ ਦੇ ਨਤੀਜੇ ਆਉਣ ਦੇ ਅੰਕ ਬਿਉਰਾ ਕਾਰਡ ਪ੍ਰਾਪਤ ਕਰਨ ਉਪਰੰਤ ਪ੍ਰਿੰਸੀਪਲ ਨੂੰ ਬੇਨਤੀ ਪੱਤਰ ਦੇਵੇਗੀ ਅਤੇ ਸਰਕਾਰੀ/ਯੁਨੀਵਰਸਿਟੀ ਹਦਾਇਤਾਂ ਮੁਤਾਬਿਕ ਸਕਿਓਰਟੀ ਰੀਫੰਡ ਕਰਨ ਲਈ ਬਣਦੀ ਕਾਰਵਾਈ ਕੀਤੀ ਜਾਵੇਗੀ। ਵਿਦਿਆਰਥੀ ਨੂੰ ਸਕਿਓਰਟੀ ਜਮ੍ਹਾਂ ਕਰਾਉਣ ਦੀ ਰਸੀਦ ਸਾਂਭ ਦੇ ਰੱਖਣੀ ਹੋਵੇਗੀ। ਸਕਿਓਰਟੀ ਕਾਲਜ ਛੱਡਣ ਤੋਂ ਇੱਕ ਸਾਲ ਦੇ ਅੰਦਰ ਅੰਦਰ ਹੀ ਕਲੇਮ ਕੀਤੀ ਜਾ ਸਕਦੀ ਹੈ।

**ਸਮੈਸਟਰ ਸਿਸਟਮ ਸਬੰਧੀ ਜਾਣਕਾਰੀ**

ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ 2025-26 ਵਿੱਚ ਸਮੈਸਟਰ ਸਿਸਟਮ ਹਰ ਕਲਾਸ ਵਿੱਚ ਲਾਗੂ ਹੈ।

1. ਪਹਿਲੇ ਸਮੈਸਟਰ ਦੀ ਪੜ੍ਹਾਈ ਯੂਨੀਵਰਸਿਟੀ ਸ਼ਡਿਊਲ ਅਨੁਸਾਰ
2. ਪਹਿਲੇ ਸਮਸੈਟਰ ਦੇ ਇਮਤਿਹਾਨ ਯੂਨੀਵਰਸਿਟੀ ਸ਼ਡਿਊਲ ਅਨੁਸਾਰ 17
3. ਦੂਜੇ ਸਮਸੈਟਰ ਦੀ ਪੜ੍ਹਾਈ ਯੂਨੀਵਰਸਿਟੀ ਸ਼ਡਿਊਲ ਅਨੁਸਾਰ
4. ਦੂਜੇ ਸਮਸੈਟਰ ਦੇ ਇਮਤਿਹਾਨ ਯੂਨੀਵਰਸਿਟੀ ਸ਼ਡਿਊਲ ਅਨੁਸਾਰ

ਇਹ ਸਕਾਲਰਸ਼ਿਪ 60% ਤੋਂ ਉਪਰ ਨੰਬਰ ਲੈਣ ਵਾਲੇ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਹੈ ਜਿਸਦਾ ਉਨ੍ਹਾਂ ਦੀ ਯੂਨੀਵਰਸਿਟੀ ਪ੍ਰੀਖਿਆ ਫੀਸ ਵਿੱਚ ਬਣਦੇ ਅੰਕਾਂ ਅਨੁਸਾਰ ਲਾਭ ਦਿੱਤਾ ਜਾਂਦਾ ਹੈ।

ਯੂਨੀਵਰਸਿਟੀ ਨਿਯਮਾਂ ਅਨੁਸਾਰ ਸਮੈਸਟਰ ਪ੍ਰਣਾਲੀ ਲਈ ਯੂਨੀਵਰਸਿਟੀ ਸ਼ਡਿਊਲ ਅਨੁਸਾਰ ਹੀ ਦਾਖਲੇ ਹੋਣਗੇ। ਇਸ ਤੋਂ ਬਾਅਦ ਕਿਸੇ ਵੀ ਕੋਰਸ ਵਿੱਚ ਦਾਖਲੇ ਦੀ ਸੁਵਿਧਾ/ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

**ਲੈਕਚਰ ਸ਼ਾਰਟਿਜ ਦੇ ਆਧਾਰ ਤੇ, ਅੰਦਰੂਨੀ ਮੁਲਾਂਕਣ ਪ੍ਰੀਖਿਆ ਅਤੇ ਯੂਨੀਵਰਸਿਟੀ ਸਮੈਸਟਰ ਪ੍ਰੀਖਿਆ ਲਈ ਪਾਤਰਤਾ (Internal Assessment Test and Eligibility For University Exams)**

**ਵਿਦਿਆਰਥੀਆਂ ਲਈ 75% ਹਾਜ਼ਰੀਆਂ ਪ੍ਰੀਖਿਆ ਵਿੱਚ ਬੈਠਣ ਲਈ ਲਾਜ਼ਮੀ ਹਨ।** ਯੂਨੀਵਰਸਿਟੀ ਦੀਆਂ ਸਮੈਸਟਰ ਪ੍ਰੀਖਿਆ ਪ੍ਰਣਾਲੀ ਦੇ ਕੋਰਸਾਂ ਵਿੱਚ ਪਹਿਲੇ ਸਮੈਸਟਰ ਵਿੱਚ ਦੋ ਮਿਡ ਸਮੈਸਟਰ ਟੈਸਟ ਅਦੰਰੂਨੀ ਮੁਲਾਂਕਣ ਲਈ ਲਏ ਜਾਣਗੇ। ਇਸ ਪ੍ਰਕਾਰ ਦੂਸਰੇ ਸਮੈਸਟਰ ਵਿੱਚ ਦੋ ਮਿਡ ਸਮੈਸਟਰ ਟੈਸਟ ਅੰਦਰੂਨੀ ਮੁਲਾਂਕਣ ਲਈ ਲਏ ਜਾਣਗੇ। ਇਸ ਤੋਂ ਇਲਾਵਾ ਹਰ ਸਮਸੈਟਰ ਵਿੱਚ ਇੱਕ ਅਸਾਈਨਮੈਂਟ/ਪ੍ਰੋਜੈਕਟ ਅਧਿਆਪਕ ਦੁਆਰਾ ਦਿੱਤੇ ਵਿਸ਼ੇ ਅਨੁਸਾਰ ਸਬਮਿਟ ਕਰਨੀ ਹੋਵੇਗੀ। ਅੰਦਰੂਨੀ ਮੁਲਾਂਕਣ ਵਿਚੱ ਘੱਟੋ ਘੱਟ ਅੰਕ ਸਿਲੇਬਸ ਵਿੱਚ ਦਿੱਤੇ ਅੰਕਾਂ ਮੁਤਾਬਿਕ ਪ੍ਰਾਪਤ ਕਰਨੇ ਹੋਣਗੇ।

ਵਿਦਿਆਰਥਣਾਂ ਵਲੋਂ ਪ੍ਰੀਖਿਆ ਫਾਰਮ ਸਾਲ ਵਿੱਚ ਦੋ ਵਾਰੀ ਅਕਤੂਬਰ ਤੇ ਫਰਵਰੀ ਵਿੱਚ ਭਰੇ ਜਾਣਗੇ। ਜੇਕਰ ਕੋਈ ਵਿਦਿਆਰਥਣ ਦਾਖ਼ਲਾ ਫ਼ਾਰਮ ਨਹੀਂ ਭਰਦੀ ਤਾਂ ਉਸ ਦੀ ਜ਼ਿੰਮੇਵਾਰ ਉਹ ਆਪ ਹੋਵੇਗੀ।

ਜੇਕਰ ਕੋਈ ਵਿਦਿਆਰਥਣ ਕਾਲਜ ਪ੍ਰਸ਼ਾਸ਼ਨ ਨੂੰ ਸੂਚਿਤ ਕੀਤੇ ਬਿਨ੍ਹਾਂ ਲੇਟ ਫ਼ੀਸ ਨਾਲ ਪ੍ਰਾਈਵੇਟ ਪ੍ਰੀਖਿਆ ਫਾਰਮ ਭਰਦੀ ਹੈ ਤਾਂ ਉਨ੍ਹਾਂ ਦਾ ਅੰਦਰੂਨੀ ਮੁਲਾਂਕਣ ਭੇਜਣ ਦੀ ਜ਼ਿੰਮੇਵਾਰੀ ਕਾਲਜ ਦੀ ਨਹੀਂ ਹੋਵੇਗੀ ਜੇਕਰ ਇਸ ਨਾਲ ਸੰਬੰਧਿਤ ਵਿਦਿਆਰਥਣ ਦੇ ਨਤੀਜੇ ਤੇ ਕੋਈ ਅਸਰ ਪੈਂਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਉਸ ਦੀ ਆਪਣੀ ਹੋਵੇਗੀ।

**ਵਿਦਿਆਰਥਣਾਂ ਲਈ ਵਜ਼ੀਫ਼ੇ (Scholarship for Students)**

ਹੁਸ਼ਿਆਰ ਅਤੇ ਯੋਗ ਵਿਦਿਆਰਥਣਾਂ ਲਈ ਕੌਮੀ ਤੇ ਰਾਜ ਪੱਧਰਾਂ ਦੇ ਬਹੁ ਗਿਣਤੀ ਵਿੱਚ ਵਜ਼ੀਫ਼ੇ ਉਪਲੱਬਧ ਹਨ। ਇਹਨਾਂ ਦੀ ਸੂਚੀ ਹੇਠਾਂ ਦਿੱਤੀ ਜਾਂਦੀ ਹੈ। ਜੇਕਰ ਤੁਸੀ ਇਨ੍ਹਾਂ ਵਿੱਚੋਂ ਵਜ਼ੀਫ਼ੇ ਦੇ ਯੋਗ ਹੋ ਤੇ ਇਸ ਲਈ ਸ਼ਰਤਾਂ ਪੂਰੀਆਂ ਕਰਦੇ ਹੋ ਤਾਂ ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਲੋੜੀਂਦੀ ਕਾਰਵਾਈ ਲਈ ਕਾਲਜ ਦਫ਼ਤਰ ਨਾਲ ਸੰਪਰਕ ਕਰੋ। ਇੱਕ ਵਿਦਿਆਰਥੀ ਇੱਕ ਵਜ਼ੀਫ਼ਾ ਹੀ ਲੈ/ਅਪਲਾਈ ਕਰ ਸਕਦਾ ਹੈ।

**1. Post Matric Scholarship for SC/OBC**

(i) 10+2 ਵਿੱਚੋਂ ਪਾਸ

(ii) ਵਿਦਿਆਰਥੀ Online: website: www.scholarships.punjab.gov.in ਤੇ ਜਾ ਕੇ Ambedkar Site ਤੇ ਅਪਲਾਈ ਕਰਨਗੇ ਅਤੇ ਐਪਲੀਕੇਸ਼ਨ ਫਾਰਮ ਦੀ Hard Copy ਦਫਤਰ ਵਿੱਚ ਜਮ੍ਹਾਂ ਕਰਵਾਉਣਗੇ।

(iii) SC/OBC ਵਿਦਿਆਰਥੀ ਜੇ Online ਅਪਲਾਈ ਨਹੀਂ ਕਰਦੇ ਜਾਂ ਅਪਲਾਈ ਕਰਨ ਉਪਰੰਤ ਸਾਇਟ ਤੇ ਉਨ੍ਹਾਂ ਦਾ ਫਾਰਮ ਲਾਕ ਨਹੀਂ ਹੁੰਦਾ ਤਾਂ ਉਹਨਾਂ ਨੂੰ ਆਪਣੀ ਪੂਰੀ ਫ਼ੀਸ ਭਰਨੀ ਪਵੇਗੀ।

**2. ਕੌਮੀ ਵਜ਼ੀਫ਼ਾ ਸਕੀਮ**

(i) 10+2 ਕਲਾਸ ਦੀ ਮੈਰਿਟ ਦੇ ਆਧਾਰ ਤੇ ਬੀ.ਏ. 60% ਅੰਕ ਪ੍ਰਾਪਤ ਕਰਨ ਵਾਲਿਆ ਨੂੰ ਮਿਲਦਾ ਹੈ।

(ii) ਬਿਨੈ ਫਾਰਮ ਪ੍ਰੀਖਿਅਕ ਸੰਸਥਾਵਾਂ ਵੱਲੋਂ ਸਿੱਧੇ ਹੀ ਯੋਗ ਵਿਦਿਆਰਥਣਾਂ ਨੂੰ ਭੇਜੇ ਜਾਂਦੇ ਹਨ।

(iii) ਫ਼ਾਰਮ ਪ੍ਰਾਪਤ ਹੋਣ ਤੋਂ 15 ਦਿਨਾਂ ਦੇ ਅੰਦਰ ਪ੍ਰਿੰਸੀਪਲ ਰਾਹੀਂ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਨੂੰ ਅਰਜ਼ੀ ਫ਼ਾਰਮ ਪਹੁੰਚ ਜਾਣੇ ਚਾਹੀਦੇ ਹਨ।

(iv) ਜੇਕਰ ਵਿਦਿਆਰਥਣ ਯੋਗਤਾ ਪ੍ਰੀਖਿਆ ਤੋਂ ਬਾਅਦ ਹਰ ਸਾਲ 60% ਤੋਂ ਵੱਧ ਅੰਕ ਪ੍ਰਾਪਤ ਕਰਦੀ ਹੈ ਹਾਂ ਹਰ ਸਾਲ ਦੇ ਸਾਲ ਵਜ਼ੀਫ਼ੇ ਦਾ ਨਵੀਨੀਕਰਨ ਕੀਤਾ ਜਾਂਦਾ ਹੈ, ਪਰ ਵਿਦਿਆਰਥਣ ਲਈ ਆਪਣੀ ਤਰੱਕੀ ਰਿਪੋਰਟ ਅਤੇ ਨਤੀਜੇ ਦੀ ਫੋਟੋਸਟੇਟ ਕਾਪੀ ਦਫ਼ਤਰ ਵਿੱਚ ਦੇਣੀ ਜਰੂਰੀ ਹੈ।

**ਰਾਜ ਪੱਧਰ 'ਤੇ ਮੈਰਿਟ ਸਕਾਲਰਸ਼ਿਪ (State Level Merit Scholarship)**

(i) 10+2 ਕਲਾਸ ਦੀ ਮੈਰਿਟ ਦੇ ਆਧਾਰ ਤੇ ਦਿੱਤਾ ਜਾਂਦਾ ਹੈ। ਵਜ਼ੀਫ਼ੇ ਦਾ ਤਿੰਨ ਸਾਲਾਂ ਲਈ ਵਿਦਿਆਰਥਣ ਦੇ ਨਤੀਜੇ ਦੇ ਆਧਾਰ ਤੇ ਨਵੀਨੀਕਰਨ ਹੁੰਦਾ ਹੈ ਜਿਸ ਦੀ ਅਰਜ਼ੀ ਅਤੇ ਨਤੀਜ਼ੇ ਦੀ ਫੋਟੋ ਸਟੇਟ ਕਾਪੀ ਦਫ਼ਤਰ ਵਿੱਚ ਦੇਣੀ ਜਰੂਰੀ ਹੈ।

**3. ਯੂਨੀਵਰਸਿਟੀ ਮੈਰਿਟ ਸਕਾਲਰਸ਼ਿਪ (University Merit Scholarship)**

(i) ਪੰਜਾਬੀ ਯੂਨੀਵਰਸਿਟੀ ਮੈਰਿਟ ਅਨੁਸਾਰ ਬੀ.ਏ. ਭਾਗ ਦੂਜਾ, ਤੀਜਾ ਅਤੇ ਐਮ.ਏ. ਵਿੱਚ ਮਿਲਦਾ ਹੈ।

(ii) ਬਿਨੈ ਪੱਤਰ ਸਿੱਧੇ ਹੀ ਪ੍ਰੀਖਿਅਕ ਸੰਸਥਾਵਾਂ ਵੱਲੋਂ ਭੇਜੇ ਜਾਂਦੇ ਹਨ।

(iii) ਬਿਨੈ ਪੱਤਰ ਸੰਬੰਧਤ ਫ਼ਾਰਮ ਭਰਕੇ ਪ੍ਰਿੰਸੀਪਲ ਰਾਹੀਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਭੇਜਣੇ ਚਾਹੀਦੇ ਹਨ।

**4. CM Scholarship for General Category**

1. 10+2 ਵਿੱਚੋਂ ਪਾਸ

2. ਜਨਰਲ ਕੈਟਾਗਰੀ ਦੇ ਲੋੜਵੰਦ ਵਿਦਿਆਰਥੀ CM ਸਕਾਲਰਸ਼ਿਪ ਦਾ ਲਾਭ ਲੈ ਸਕਦੇ ਹਨ ਜੋ ਕਿ ਨਿਰੋਲ ਮੈਰਿਟ ਦੇ ਅਧਾਰ ਤੇ ਦਿੱਤੀ ਜਾਂਦੀ ਹੈ।

3. ਵਿਦਿਆਰਥੀਆਂ ਦੁਆਰਾ ਪ੍ਰਾਪਤ ਨੰਬਰਾਂ ਦੀ ਪ੍ਰਤੀਸ਼ਤਤਾ ਦੇ ਅਧਾਰ ਤੇ ਇਹ ਸਕਾਲਰਸ਼ਿਪ ਪ੍ਰਦਾਨ ਕੀਤੀ ਜਾਂਦੀ ਹੈ।

**18 ਘੱਟ ਗਿਣਤੀ ਭਾਈਚਾਰਿਆਂ ਲਈ ਸਕਾਲਰਸ਼ਿਪ ਸਕੀਮ (Minority Scholarship Scheme)**

ਘੱਟ ਗਿਣਤੀ ਭਾਈਚਾਰਿਆਂ (ਸਿੱਖ, ਮੁਸਲਿਮ, ਈਸਾਈ, ਬੋਧੀ ਅਤੇ ਪਾਰਸੀ) ਦੇ ਵਿਦਿਆਰਥੀਆਂ ਜਿਨ੍ਹਾਂ ਦੇ ਮਾਪਿਆਂ ਦੀ ਆਮਦਨ 2.50 ਲੱਖ ਰੁਪਏ ਤੱਕ ਹੈ ਅਤੇ ਵਿਦਿਆਰਥੀ ਨੇ ਪਿਛਲੀ ਪਾਸ ਕੀਤੀ ਕਲਾਸ ਵਿੱਚ 50% ਅੰਕ ਪ੍ਰਾਪਤ ਕੀਤੇ ਹਨ, ਉਹ ਦਾਖ਼ਲਾ ਲੈਣ ਉਪਰੰਤ, ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਅਧੀਨ ਆਨ ਲਾਈਨ (www.scholarships.gov.in) ਤੇ ਅਪਲਾਈ ਕਰ ਸਕਦੇ ਹਨ।

**ਟਿਊਟੋਰੀਅਲ ਸਿਸਟਮ (Tutorial System)**

ਕਾਲਜ ਦੀਆਂ ਸਾਰੀਆਂ ਵਿਦਿਆਰਥਣਾਂ ਨੂੰ ਟਿਊਟੋਰੀਅਲ ਗਰੁੱਪਾਂ ਵਿੱਚ ਵੰਡਿਆ ਜਾਂਦਾ ਹੈ ਜਿਸ ਵਿੱਚ ਅਧਿਆਪਕ ਵਿਦਿਆਰਥਣਾਂ ਦੀਆਂ ਸਮੱਸਿਆਵਾਂ ਦਾ ਸਮਾਧਾਨ ਕਰਨ ਵਿੱਚ ਸਹਾਇਤਾ ਕਰਦੇ ਹਨ। ਉਨ੍ਹਾਂ ਨੂੰ ਕਾਲਜ ਦੇ ਨਿਯਮਾਂ ਤੋਂ ਜਾਣੂ ਕਰਵਾਉਂਦਿਆਂ ਹੋਇਆਂ ਕਾਲਜ ਵਿੱਚ ਅਨੁਸਾਸ਼ਨ ਰੱਖਣ ਅਤੇ ਕਾਲਜ ਦੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਦੇ ਹਨ। ਵਿਦਿਆਰਥਣਾਂ ਕਾਲਜ ਨਾਲ ਸਬੰਧਤ ਆਪਣੀ ਕਿਸੇ ਵੀ ਮੁਸ਼ਕਲ ਲਈ ਆਪਣੀ ਟਿਊਟੋਰੀਅਲ ਇੰਚਾਰਜ ਤੋਂ ਅਗਵਾਈ ਲੈ ਸਕਦੀਆਂ ਹਨ। ਹਰ ਵਿਦਿਆਰਥਣਾਂ ਦਾ ਗਰੁੱਪ ਵਿੱਚ ਹਾਜ਼ਰ ਹੋਣਾ ਲਾਜ਼ਮੀ ਹੈ।

**Virtual class room, Smart class rooms & Wi-Fi**

ਸੈਸ਼ਨ 2017-18 ਤੋਂ ਇੱਕ Virtual Class Room ਦੀ ਸੁਵਿਧਾ ਵਿਦਿਆਰਥਣਾਂ ਨੂੰ ਪ੍ਰਦਾਨ ਕੀਤੀ ਗਈ ਹੈ ਇਸ ਤਹਿਤ ਵਿਸ਼ਾ ਮਾਹਿਰਾਂ ਵੱਲੋਂ ਦਿੱਤੇ ਜਾਣ ਵਾਲੇ, ਕਿਸੇ ਵੀ ਕਾਲਜ ਦੇ ਲੈਕਚਰਾਰ ਦੇ ਲੈਕਚਰ ਨੂੰ ਵਿਦਿਆਰਥਣਾਂ ਇਸ ਹੀ ਕਾਲਜ ਵਿੱਚ attend ਕਰ ਸਕਦੀਆਂ ਹਨ। ਇਸ ਤੋਂ ਇਲਾਵਾ ਕਾਲਜ ਵਿੱਚ ਲਗਭਗ ਦਸ Smart Class Rooms ਹਨ। ਇਸ ਤੋਂ ਵਿਦਿਆਰਥਣਾਂ ਲਾਭ ਲੈ ਰਹੀਆਂ ਹਨ। ਕਾਲਜ ਦਾ ਕੈਂਪਸ Wi-Fi ਹੈ।

**ਈ-ਆਫਿਸ (E-Office)**

ਭਾਰਤ ਸਰਕਾਰ ਵੱਲੋਂ 'ਡਿਜ਼ੀਟਲ ਇੰਡੀਆ' ਮੁਹਿੰਮ ਤਹਿਤ ਪੰਜਾਬ ਸਰਕਾਰ ਵੱਲੋਂ ਚੁਣਿਆ ਗਿਆ। ਕਾਲਜ ਵਿੱਚ ਅਕਾਦਮਿਕ ਅਤੇ ਪ੍ਰਸ਼ਾਸ਼ਨਿਕ ਕੰਮਾਂ ਨੂੰ ਡਿਜ਼ੀਟਲਾਇਜ਼ ਕਰਨ ਲਈ ਈ-ਆਫਿਸ (e-office) ਸ਼ੁਰੂ ਕੀਤਾ ਹੈ।

**ਕਾਲਜ ਸਰਗਰਮੀਆਂ (College Activities)**

ਵਿਦਿਆਰਥੀਆਂ ਦੀ ਸ਼ਖ਼ਸੀਅਤ ਤੇ ਸਰਵਪੱਖੀ ਵਿਕਾਸ ਅਤੇ ਜ਼ਰੂਰੀ ਦਿਸ਼ਾ ਨਿਰਦੇਸ਼ਾਂ ਲਈ ਕਾਲਜ ਵਿੱਚ ਸਾਰੇ ਵਿਸ਼ਿਆਂ ਨਾਲ ਸਬੰਧਤ ਸਭਾਵਾਂ/ਕਮੇਟੀਆਂ ਬਣੀਆਂ ਹੋਈਆਂ ਹਨ। ਜੋ ਵੱਖ ਵੱਖ ਸਮੱਸਿਆਵਾਂ ਤੇ ਵਿਦਿਆਰਥਣਾਂ ਨਾਲ ਸੰਵਾਦ ਰਚਾਉਂਦੀਆਂ ਹਨ। ਸਭਿਆਚਾਰਕ, ਸਾਹਿਤਿਕ ਅਤੇ ਕਲਾਤਮਿਕ ਮੁਕਾਬਲੇ ਕਰਵਾਉਂਦੀਆਂ ਰਹਿੰਦੀਆਂ ਹਨ। ਵਿਦਿਆਰਥਣਾਂ ਨੂੰ ਆਪਣੀ ਰੁਚੀ ਮੁਤਾਬਕ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਦਾ ਮੌਕਾ ਦਿੱਤਾ ਜਾਂਦਾ ਹੈ।

**ਕਾਲਜ ਕਮੇਟੀਆਂ (College Committees)**

**ਕਾਲਜ ਵਿੱਚ ਹੇਠ ਲਿਖੀਆਂ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ।**

1. **ਕਿੱਤਾ ਸਲਾਹਕਾਰ ਕਮੇਟੀ ਅਤੇ ਪਲੇਸਮੈਂਟ ਸੈੱਲ (Career Consultancy and placement Cell) :** ਇਹ ਕਮੇਟੀ ਵਿਦਿਆਰਥਣਾਂ ਨੂੰ ਬੀ.ਏ. ਤੋਂ ਬਾਅਦ ਨੌਕਰੀ/ਕਿੱਤਾ ਚੁਣਨ ਲਈ ਉੱਚਿਤ ਵਿਸ਼ਿਆਂ ਦੀ ਚੋਣ ਕਰਨ ਬਾਰੇ ਸਲਾਹ ਦਿੰਦੀ ਹੈ ਇਸ ਤੋਂ ਇਲਾਵਾ ਵੱਖ ਵੱਖ ਸਮੇਂ, ਵੱਖ ਵੱਖ ਅਦਾਰਿਆਂ ਵੱਲੋਂ ਕਰਵਾਏ ਜਾਣ ਵਾਲੇ ਇਮਤਿਹਾਨਾਂ ਬਾਰੇ ਸਲਾਹ ਤੇ ਜਾਣਕਾਰੀ ਦਿੰਦੀ ਹੈ।
2. **ਫੀਡ ਬੈਕ ਕਮੇਟੀ (Feed Back Committee) :** ਇਹ ਕਮੇਟੀ ਚਾਰ ਤਰੀਕਿਆਂ ਨਾਲ ਫੀਡ ਬੈਕ ਲੈਣ ਲਈ ਬਣਾਈ ਗਈ ਹੈ। ਕਾਲਜ, ਹੋਸਟਲ ਦੇ ਵਿਦਿਆਰਥੀ, ਮਾਪੇ ਅਤੇ ਸਾਬਕਾ ਵਿਦਿਆਰਥਣਾਂ ਤੋਂ ਕਾਲਜ ਦੀਆਂ ਵਿਦਿਅਕ ਅਤੇ ਹੋਰ ਗਤੀਵਿਧੀਆਂ ਦੀ ਜਾਣਕਾਰੀ ਲਈ ਜਾਂਦੀ ਹੈ ਤਾਂ ਜੋ ਕਾਲਜ ਤਰੱਕੀ ਕਰ ਸਕੇ।
3. **ਸ਼ਿਕਾਇਤ ਨਿਵਾਰਣ ਕਮੇਟੀ (Grievance Redressal Committee):** ਇਹ ਕਮੇਟੀ ਵਿਦਿਆਰਥਣਾਂ ਦੇ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਬਣਾਈ ਗਈ ਹੈ। ਵਿਦਿਆਰਥੀ ਆਪਣੀਆਂ ਮੁਸ਼ਕਲਾਂ ਅਤੇ ਸ਼ਿਕਾਇਤਾਂ ਲਿਖਤੀ ਰੂਪ ਵਿੱਚ ਕਮੇਟੀ ਅੱਗੇ ਪੇਸ਼ ਕਰ ਸਕਦੇ ਹਨ।

4. **ਕਾਲਜ ਵਿੱਚ ਹਿੰਸਾ ਅਤੇ ਸੋਸ਼ਣ ਵਿਰੁੱਧ ਕਮੇਟੀ (Committee against Violence and Sexual Harassment in the College):** ਇਹ ਕਮੇਟੀ ਦਾ ਗਠਨ ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਹੈ ਕਿ ਵਿਦਿਆਰਥਣਾਂ ਨੂੰ ਕਾਲਜ ਵਿੱਚ ਕਿਸੇ ਵੀ ਤਰ੍ਹਾਂ ਦੀ ਅਸੁਰੱਖਿਆ ਜਾਂ ਡਰ ਦੀ ਭਾਵਨਾ ਤੋਂ ਬਚਾਇਆ ਜਾ ਸਕੇ।

5 **ਸਾਬਕਾ ਵਿਦਿਆਰਥੀ ਸਭਾ (Old Students' Association) :** ਕਾਲਜ ਵਿੱਚ ਕਾਫੀ ਲੰਬੇ ਸਮੇਂ ਤੋਂ ਸਾਬਕਾ ਵਿਦਿਆਰਥੀ ਸਭਾ ਮੌਜੂਦ ਹੈ। ਜਿਹੜੇ ਵਿਦਿਆਰਥੀ ਬੀ.ਏ. ਭਾਗ ਤੀਜਾ ਜਾਂ ਐਮ.ਏ. ਭਾਗ ਦੂਜਾ ਕਰ ਲੈਂਦੇ ਹਨ ਉਹ ਇਸ ਦੇ ਮੈਂਬਰ ਬਣ ਸਕਦੇ ਹਨ।

6. **ਵਾਤਾਵਰਨ ਸਾਂਭ ਸੰਭਾਲ ਕਮੇਟੀ:** ਮੈਂਬਰ ਇਸ ਕੈਂਪਸ ਦੀ ਨਿਗਰਾਨੀ ਰੱਖਣਗੇ। ਕੂੜਾ ਕਰਕਟ ਇੱਧਰ ਉੱਧਰ ਸੁੱਟਣ ਦੀ ਸਥਿਤੀ ਵਿੱਚ ਕਮੇਟੀ ਵੱਲੋਂ ਜ਼ੁਰਮਾਨਾ ਲਗਾਇਆ ਜਾਵੇਗਾ।

7. **ਲੋਕਲ ਕੰਪਲੇਟਸ ਕਮੇਟੀ:** ਕਾਲਜ ਕੈਂਪਸ ਵਿੱਚ Sexual Harasment of Women at Work Place, Prevention and Prohibition Act 2013 ਅਧੀਨ ਪ੍ਰਾਪਤ ਹੋਈਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਹਿੱਤ ਕਮੇਟੀ ਬਣਾਈ ਗਈ ਹੈ।

8. **ਕਾਨੂੰਨੀ ਸਾਜਰਤਾ ਕਲੱਬ (Legal Literacy Club):** ਇਹ ਕਲੱਬ ਵਿਦਿਆਰਥੀਆਂ ਨੂੰ ਕਾਨੂੰਨ ਨਾਲ ਸਬੰਧਤ ਉਨ੍ਹਾਂ ਮੁੱਦਿਆਂ ਤੇ ਜਾਣਕਾਰੀ ਦਿੰਦਾ ਹੈ ਜੋ ਉਨ੍ਹਾਂ ਦੇ ਨਿੱਜੀ ਜੀਵਨ ਅਤੇ ਵਿਦਿਅਕ ਖੇਤਰ ਨਾਲ ਜੁੜੇ ਹੋਏ ਹਨ।

**ਸੂਚਨਾ ਦਾ ਅਧਿਕਾਰ-2005 (RTI Act 2005)**

ਸੂਚਨਾ ਦਾ ਅਧਿਕਾਰ ਐਕਟ-2005, ਮਿਤੀ 12-10-2015 ਤੋਂ ਲਾਗੂ ਹੈ ਅਤੇ ਕਾਲਜ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੀ ਲੀਗਲ ਸੈੱਲ ਵੀ ਸਥਾਪਿਤ ਕੀਤਾ ਹੋਇਆ ਹੈ। ਕੋਈ ਵੀ ਨਾਗਰਿਕ ਆਰ.ਟੀ.ਆਈ ਐਕਟ ਤਹਿਤ ਲੋੜੀਂਦੀ ਸੂਚਨਾ ਲਈ ਬਿਨੈ-ਪੱਤਰ ਦੇ ਕੇ ਪ੍ਰਾਪਤ ਕਰ ਸਕਦਾ ਹੈ।

**ਪੰਜਾਬ ਸੇਵਾ ਦਾ ਅਧਿਕਾਰ ਐਕਟ-2011 (Punjab Right to Service Act-2011)**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿੱਚ ਸੇਵਾਵਾਂ ਅਧਿਕਾਰ ਸੈੱਲ ਸਥਾਪਿਤ ਕੀਤਾ ਗਿਆ ਹੈ। ਜਿਸ ਰਾਹੀਂ ਵਿਦਿਆਰਥੀਆਂ ਨੂੰ ਪੰਜਾਬ ਰਾਈਟ ਟੂ ਸਰਵਿਸ ਐਕਟ ਸੰਬਧੀ ਸਮੇਂ ਸਮੇਂ ਤੇ ਜਾਣਕਾਰੀ ਦਿੱਤੀ ਜਾਂਦੀ ਹੈ।

**ਰਾਸ਼ਟਰੀ ਕੈਡਿਟ ਕੋਰ, ਰਾਸ਼ਟਰੀ ਸੇਵਾ ਯੋਜਨਾ ਅਤੇ ਰੈੱਡ ਕਰਾਸ ਬ੍ਰਿਗੇਡਜ਼ (NCC, NSS Red Cross Brigades)**

ਵਿਦਿਆਰਥਣਾਂ ਵੱਲੋਂ ਐਨ ਐਸ.ਐਸ., ਐਨ.ਸੀ.ਸੀ. ਤੇ ਰੈੱਡ ਕਰਾਸ ਰੁਚੀ ਦੇ ਤੌਰ ਤੇ ਲਏ ਜਾ ਸਕਦੇ ਹਨ। ਰੈੱਡ ਕਰਾਸ ਵੱਲੋਂ ਹਰ ਸਾਲ ਸੇਂਟਜਾਨ ਐਂਬੂਲੈਂਸ ਮੁਕਾਬਲਾ ਕਰਵਾਇਆ ਜਾਂਦਾ ਹੈ।

**ਖੇਡਾਂ (Sports)**

1. ਵਿਦਿਆਰਥਣਾਂ ਦੇ ਸਰਬ-ਪੱਖੀ ਵਿਕਾਸ ਵਿੱਚ ਖੇਡਾਂ ਦਾ ਪ੍ਰਮੁੱਖ ਯੋਗਦਾਨ ਹੁੰਦਾ ਹੈ। ਕਾਲਜ ਵਿੱਚ ਨਿਮਨ ਲਿਖਤ ਖੇਡਾਂ ਲਈ ਖੇਡ ਦਾ ਮੈਦਾਨ ਅਤੇ ਸਿਖਲਾਈ ਦਾ ਵਿਸ਼ੇਸ਼ ਪ੍ਰਬੰਧ ਹੈ।

1. ਐਥਲੈਟਿਕਸ 2. ਬਾਸਕਟਬਾਲ 3. ਵਾਲੀਬਾਲ 4. ਹਾਕੀ 5. ਹੈਂਡਬਾਲ 6. ਫੁੱਟਬਾਲ 7. ਕੱਬਡੀ 8. ਖੋ-ਖੋ 9. ਜਿਮਨਾਸਟਿਕ 10. ਸਾਈਕਲਿੰਗ 11. ਤੈਰਾਕੀ 12. ਜੂਡੋ 13. ਕ੍ਰਿਕਟ 14. ਵੇਟ-ਲਿਫਟਿੰਗ 15. ਸਾਫਟਬਾਲ 16. ਬੈਡਮਿੰਟਨ 17. ਟੇਬਲ ਟੈਨਿਸ 18. ਚੈੱਸ 19. ਯੋਗਾ 20. ਫੈਨਸਿੰਗ 21. ਗੱਤਕਾ।

2. ਕਾਲਜ ਵਿੱਚ ਆਧੁਨਿਕ ਸੁਵਿਧਾਵਾਂ ਨਾਲ ਲੈਸ ਕੰਡੀਸ਼ਨਿੰਗ ਹਾਲ ਉਪਲੱਬਧ ਹੈ ਜਿਸ ਵਿੱਚ ਦੋ ਮਲਟੀ ਜਿਮ ਮਸ਼ੀਨਾਂ, ਮੋਟਰਾਈਜ਼ ਟਰੈਡ ਮਿਲ, ਵਾਲ-ਬਾਰਜ ਅਤੇ ਵੇਟ-ਟਰੇਨਿੰਗ ਸੈੱਟ ਮੌਜੂਦ ਹਨ। ਕਾਲਜ ਦੀ ਹਰ ਇੱਕ ਵਿਦਿਆਰਥਣ ਇਹਨਾਂ ਖੇਡਾਂ ਵਿੱਚ ਭਾਗ ਲੈ ਸਕਦੀ ਹੈ।

**ਕਾਲਜ ਮੈਗਜ਼ੀਨ: (College Magazine)**

ਕਾਲਜ ਵਿੱਚ ਮੈਗਜੀਨ 'ਜੋਤਿ' ਨਾਂਅ ਹੇਠ ਛਪਦਾ ਹੈ ਜਿਸ ਦੀਆਂ ਵਿਦਿਆਰਥੀ ਸੰਪਾਦਕ, ਪ੍ਰੋਫੈਸਰ ਇੰਚਾਰਜ਼ਾਂ ਦੀ ਸਿਫਾਰਸ਼ ਉੱਤੇ ਪ੍ਰਿੰਸੀਪਲ ਵੱਲੋਂ ਨਿਯੁਕਤ ਕੀਤੀਆਂ ਜਾਂਦੀਆਂ ਹਨ। ਕਾਲਜ ਮੈਗਜ਼ੀਨ ਵਿੱਚ ਵਿਦਿਆਰਥਣਾਂ ਆਪਣੇ ਆਪਣੇ ਆਰਟੀਕਲ ਦਿੰਦੀਆਂ ਹਨ, ਜਿਸ ਨਾਲ ਉਨ੍ਹਾਂ ਦੀ ਅੰਦਰਲੀ ਕਲਾ ਨੂੰ ਉਜਾਗਰ ਹੋਣ ਦਾ ਮੌਕਾ ਮਿਲਦਾ ਹੈ। ਕਾਲਜ ਵਿਚਲੀਆਂ ਸਾਰੀਆਂ ਗਤੀਵਿਧੀਆਂ ਦੀ ਜਾਣਕਾਰੀ ਕਾਲਜ ਮੈਗਜੀਨ ਤੋਂ ਪ੍ਰਾਪਤ ਹੁੰਦੀ ਹੈ।

# ਰੋਲ ਆਫ਼ ਆਨਰ ਕਾਲਜ ਅਤੇ ਮੈਰਿਟ ਸਰਟੀਫਿਕੇਟ
## (Roll of Honour,College Colour & Merit Certificate)

### ਆਲ ਰਾਊਂਡ ਰੋਲ ਆਫ਼ ਆਨਰ (All Round Roll of Honour)

1. ਆਫ ਰਾਊਂਡ ਰੋਲ ਆਫ਼ ਆਨਰ ਸਿਰਫ ਫਾਈਨਲ ਕਲਾਸ ਵਿੱਚ ਦਿੱਤਾ ਜਾਂਦਾ ਹੈ।
2. ਆਲ ਰਾਊਂਡ ਰੋਲ ਆਫ਼ ਆਨਰ ਕਾਲਜ ਕੌਂਸਲ ਦੀ ਸਿਫ਼ਾਰਸ ਦੇ ਦਿੱਤਾ ਜਾਂਦਾ ਹੈ।
3. ਆਲ ਰਾਊਂਡ ਰੋਲ ਆਫ਼ ਆਨਰ ਦੀਆਂ ਹੱਕਦਾਰ ਵਿਦਿਆਰਥਣਾਂ ਆਪਣੀ ਆਰਜ਼ੀ ਗਤੀਵਿਧੀਆਂ ਦੇ ਸਬੰਧਿਤ ਲੈਕਚਰਾਰਾਂ ਤੋਂ ਦਸਤਖ਼ਤ ਕਰਵਾ ਕੇ ਰੋਲ ਆਫ਼ ਆਨਰ ਦੇ ਕਨਵੀਨਰ ਨੂੰ ਦੇਣਗੀਆਂ।
4. ਅਜਿਹੀ ਵਿਦਿਆਰਥਣ ਜਿਸ ਉਪਰ ਕਾਲਜ ਦੇ ਅਨੁਸ਼ਾਸ਼ਨ ਨੂੰ ਭੰਗ ਕਰਨ ਦਾ ਦੋਸ਼ ਲੱਗ ਚੁੱਕਾ ਹੋਵੇ ਅਤੇ ਜਿਸ ਦੀ ਰਿਪੋਰਟ ਕਾਲਜ ਕੌਂਸਲ ਕੋਲ ਪਹੁੰਚਣ ਪਿੱਛੋਂ ਉਸ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾ ਚੁੱਕੀ ਹੋਵੇ, ਰੋਲ ਆਫ਼ ਆਨਰ ਜਾਂ ਕਾਲਜ ਕਲਰ ਦੀ ਅਧਿਕਾਰੀ ਨਹੀਂ ਹੋਵੇਗੀ।

   ਆਲ ਰਾਊਂਡ ਰੋਲ ਆਫ਼ ਆਨਰ ਲਈ ਜ਼ਰੂਰੀ ਯੋਗਤਾਵਾਂ ਹੇਠ ਲਿਖੇ ਅਨੁਸਾਰ ਹਨ:

**1. ਅਕਾਦਮਿਕ (Academics)**

1. ਵਿਦਿਆਰਥਣ ਨੇ ਸਾਰੇ ਯੂਨੀਵਰਸਿਟੀ ਇਮਤਿਹਾਨ ਵਿਚੋਂ ਪਹਿਲੇ ਯਤਨ ਵਿੱਚ ਘੱਟੋ ਘੱਟ 60% ਅੰਕ ਪ੍ਰਾਪਤ ਕੀਤੇ ਹੋਣ।
2. ਜਿਹੜੀ ਵਿਦਿਆਰਥਣ ਕਿਸੇ ਹੋਰ ਸੰਸਥਾ ਤੋਂ ਬਦਲ ਕੇ ਆਈ ਹੋਵੇ ਉਹ ਉਸ ਸੰਸਥਾ ਤੋਂ ਰਿਜ਼ਲਟ ਦੀ ਕਾਪੀ ਲੈ ਕੇ ਆਵੇ।
3. 75% ਤੋਂ ਘੱਟ ਹਾਜ਼ਰੀਆਂ ਵਾਲੀ ਵਿਦਿਆਰਥਣ ਕਾਲਜ ਕਲਰ ਅਤੇ ਰੋਲ ਆਫ਼ ਆਨਰ ਦੀ ਹੱਕਦਾਰ ਨਹੀਂ ਹੋਵੇਗੀ।

**2. ਹੇਠ ਲਿਖੀਆਂ ਸ਼ਰਤਾਂ ਵਿੱਚੋਂ ਕੋਈ ਦੋ ਸ਼ਰਤਾ ਪੂਰੀਆਂ ਹੋਣੀਆਂ ਚਾਹੀਦੀਆਂ ਹਨ:**

1. ਸੱਭਿਆਚਾਰ ਸਰਗਰਮੀਆਂ ਵਿੱਚ ਵਿਦਿਆਰਥਣ ਨੇ ਅੰਤਰ ਕਾਲਜ ਪੱਧਰ ਤੇ ਆਯੋਜਿਤ ਸਰਗਰਮੀਆਂ ਵਿੱਚ ਪਹਿਲੇ ਤਿੰਨ ਸਥਾਨਾਂ ਵਿਚੋਂ ਕੋਈ ਇਕੱ ਸਥਾਨ ਪ੍ਰਾਪਤ ਕੀਤਾ ਹੋਵੇ।
2. **ਸਾਹਿਤਕ ਸਰਗਰਮੀਆਂ:** ਵਾਦ-ਵਿਵਾਦ ਪ੍ਰਤੀਯੋਗਤਾ, ਭਾਸ਼ਨ-ਪ੍ਰਤੀਯੋਗਤਾ, ਕਵਿਤਾ-ਉਚਾਰਣ ਪ੍ਰਤੀਯੋਗਤਾ, ਪੇਪਰ-ਰੀਡਿੰਗ ਪ੍ਰਤੀਯੋਗਤਾ ਆਦਿ। ਇਸ ਉਪਰ ਵੀ ਨੰਬਰ ਇੱਕ ਵਾਲੀਆਂ ਸ਼ਰਤਾਂ ਲਾਗੂ ਹੁੰਦੀਆਂ ਹਨ।
3. **ਖੇਡਾਂ:** ਵਿਦਿਅਰਥਣ ਨੇ ਅੰਤਰ ਕਾਲਜ ਜਾਂ ਯੂਨੀਵਰਸਿਟੀ ਵਿੱਚ ਪਹਿਲਾਂ ਸਥਾਨ ਜਾਂ ਅੰਤਰ ਯੂਨੀਵਰਸਿਟੀ ਜਾਂ ਰਾਸ਼ਟਰੀ ਪੱਧਰ ਮੁਕਾਬਲਿਆਂ ਵਿੱਚ ਪਹਿਲੇ ਤਿੰਨ ਸਥਾਨਾਂ ਵਿੱਚੋਂ ਕੋਈ ਇੱਕ ਸਥਾਨ ਵਿਅਕਤੀਗਤ ਰੂਪ ਵਿੱਚ ਜਾਂ ਟੀਮ ਵਿੱਚੋਂ ਪ੍ਰਾਪਤ ਕੀਤਾ ਹੋਵੇ।
4. **ਫੁਟਕਲ:** ਇਸ ਵਿੱਚ ਐਨ.ਸੀ.ਸੀ. ਜਾਂ ਰੈੱਡ ਕਰਾਸ ਜਾਂ ਐਨ.ਐਸ.ਐਸ. ਦੇ ਯੁਵਕ ਕੈਂਪ ਸ਼ਾਮਲ ਹਨ। ਵਿਦਿਆਰਥਣ ਨੇ ਐਨ.ਸੀ.ਸੀ. ਦਾ ਸੀ. ਸਰਟੀਫਿਕੇਟ ਦਾ ਇਮਤਿਹਾਨ ਪਾਸ ਕੀਤਾ ਹੋਵੇ ਜਾਂ ਗਣਤੰਤਰ ਦਿਵਸ ਪਰੇਡ ਵਿੱਚ ਹਿੱਸਾ ਲਿਆ ਹੋਵੇ ਜਾਂ ਐਨ.ਐਸ.ਐਸ. ਯੁਵਕ ਕੈਂਪ ਵਿੱਚ ਉੱਤਮ ਕੈਂਡੀਡੇਟ ਹੋਵੇ ਰੈੱਡ ਕਰਾਸ ਦੇ ਜਿਲ੍ਹਾ ਪੱਧਰ ਮੁਕਾਬਲਿਆਂ ਵਿੱਚ ਪਹਿਲਾ ਜਾਂ ਦੂਜਾ ਸਥਾਨ ਜਾਂ ਰਾਜ ਪੱਧਰ ਤੇ ਸ਼੍ਰੇਸ਼ਠਤਾ ਪ੍ਰਾਪਤ ਕੀਤੀ ਹੋਵੇ।

### ਲੋੜੀਂਦੀਆਂ ਯੋਗਤਾਵਾਂ ਰੋਲ ਆਫ਼ ਆਨਰ ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਲਈ

1. ਰੋਲ ਆਫ਼ ਆਨਰ ਤੇ ਕਾਲਜ ਕਲਰ ਬੀ.ਏ., ਬੀ.ਕਾਮ.,ਬੀ.ਐਸ.ਸੀ. ਭਾਗ ਤੀਜਾ, ਐਮ.ਏ./ਐਮ.ਐਸ.ਸੀ. ਭਾਗ ਦੂਜਾ ਨੂੰ ਹੀ ਦਿੱਤਾ ਜਾਂਦਾ ਹੈ।
2. ਮੈਰਿਟ ਸਰਟੀਫਿਕੇਟ ਸਾਰੀਆਂ ਕਲਾਸਾਂ ਨੂੰ ਦਿੱਤੇ ਜਾਂਦੇ ਹਨ।
3. ਇਨ੍ਹਾਂ ਵਿਦਿਆਰਥਣਾਂ ਲਈ 75% ਹਾਜ਼ਰੀ ਲਾਜ਼ਮੀ ਹੈ।
4. ਕਾਲਜ ਦੇ ਅਨੁਸ਼ਾਸ਼ਨ ਦੀ ਉਲੰਘਣਾ ਕਰਨ ਵਾਲੀ ਵਿਦਿਆਰਥਣ ਨੂੰ ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਲਈਂ ਦਿੱਤਾ ਜਾਵੇਗਾ।

## II ਅਕਾਦਮਿਕ (Academics)

**ਰੋਲ ਆਫ਼ ਆਨਰ**

❖ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਜਾਂ 75% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਰੋਲ ਆਫ਼ ਆਨਰ ਦੀਆਂ ਹੱਕਦਾਰ ਹਨ। ਵਿਦਿਆਰਥਣ ਨੇ ਇਹ ਪ੍ਰੀਖਿਆ ਪਹਿਲੇ ਯਤਨ ਵਿੱਚ ਪਾਸ ਕੀਤੀ ਹੋਵੇ।

**ਕਾਲਜ ਕਲਰ**

❖ ਯੂਨੀਵਰਸਿਟੀ ਜਾਂ ਇੰਟਰ ਜ਼ੋਨਲ ਯੂਥ ਫੈਸਟੀਵਲ ਵਿੱਚ ਪਹਿਲਾਂ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਜਾਂ ਪੰਜ ਅੰਤਰ ਕਾਲਜ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ ਜਿਨ੍ਹਾਂ ਵਿੱਚੋਂ ਦੋ ਪਹਿਲੇ ਦਰਜੇ ਦੇ ਇਨਾਮ (ਵਿਅਕਤੀਗਤ) ਪ੍ਰਾਪਤ ਕੀਤੇ ਹੋਣ।

**ਮੈਰਿਟ ਸਰਟੀਫਿਕੇਟ**

❖ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚ ਆਉਣ ਵਾਲੀ ਵਿਦਿਆਰਥਣ ਨੂੰ ਮੈਰਿਟ ਸਰਟੀਫਿਕੇਟ ਦਿੱਤਾ ਜਾਂਦਾ ਹੈ।

## III ਸੱਭਿਆਚਾਰਕ (Cultural)

(ਸੰਗੀਤ, ਕੋਮਲ ਕਲਾ, ਲਕੋ ਕਲਾ, ਨ੍ਰਿਤ, ਥੀਏਟਰ ਆਦਿ)

**ਰੋਲ ਆਫ਼ ਆਨਰ**

❖ ਆਲ ਇੰਡੀਆ ਅੰਤਰ ਯੂਨੀਵਰਸਿਟੀ/ਅੰਤਰ ਰਾਜੀ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਵਿਅਕਤੀਗਤ ਸਥਾਨ ਜਾਂ ਜੇਤੂ ਟੀਮ ਦੀ ਮੈਂਬਰ।

**ਕਾਲਜ ਕਲਰ**

❖ ਯੂਨੀਵਰਸਿਟੀ ਜਾਂ ਇੰਟਰ ਜ਼ੋਨਲ ਯੂਥ ਫੈਸਟੀਵਲ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ।

**ਮੈਰਿਟ ਸਰਟੀਫਿਕੇਟ**

❖ ਜੋਨਲ ਯੂਥ ਫੈਸਟੀਵਲ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਜਾਂ ਜੇਤੂ ਟੀਮ ਦੀ ਮੈਂਬਰ ਸਥਾਨਕੀ ਪੱਧਰ ਤੇ ਜਿਵੇਂ ਗਣਤੰਤਰ ਦਿਵਸ, ਹੈਰੀਟੇਜ਼ ਸਮਾਗਮ, ਮੇਲਿਆਂ ਆਦਿ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਵਿਦਿਆਰਥਣਾਂ।

## IV ਸਾਹਿਤਕ (Literary)

**ਰੋਲ ਆਫ ਆਨਰ**

❖ ਆਲ ਇੰਡੀਆ ਅੰਤਰ ਯੂਨੀਵਰਸਿਟੀ/ਅੰਤਰ-ਰਾਜੀ ਮੁਕਾਬਲਿਆਂ ਵਿੱਚ ਪਹਿਲਾਂ, ਦੂਜਾ ਵਿਅਕਤੀਗਤ ਸਥਾਨ ਜਾਂ ਜੇਤੂ ਟੀਮ ਦੀ ਮੈਂਬਰ।

**ਕਾਲਜ ਕਲਰ**

❖ ਪੰਜ ਅੰਤਰ-ਕਾਲਜ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ ਜਿਨ੍ਹਾਂ ਵਿੱਚੋਂ ਦੋ ਪਹਿਲੇ ਦਰਜੇ ਦੇ ਇਨਾਮ (ਵਿਅਕਤੀਗਤ) ਪ੍ਰਾਪਤ ਕੀਤੇ ਹੋਣ।

**ਮੈਰਿਟ ਸਰਟੀਫਿਕੇਟ**

❖ ਜ਼ੋਨਲ ਪੱਧਰ ਤੇ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ।

## V ਖੇਡਾਂ (Sports)

**ਰੋਲ ਆਫ਼ ਆਨਰ**

❖ ਅੰਤਰ ਰਾਸ਼ਟਰੀ ਜਾਂ ਵਿਸ਼ਵ ਯੂਨੀਵਰਸਿਟੀ ਮੁਕਾਬਲੇ ਲਈ ਕਿਸੇ ਟੀਮ ਦੀ ਮੈਂਬਰ ਜਾਂ ਵਿਅਕਤੀਗਤ ਖਿਡਾਰੀ।

- ❖ ਨੈਸ਼ਨਲ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੀ ਖਿਡਾਰਣ।
- ❖ ਆਲ ਇੰਡੀਆ ਅੰਤਰ-ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੀ ਖਿਡਾਰਣ।
- ❖ ਸੀਨੀਅਰ ਸਟੇਟ ਜਾਂ ਯੂਨੀਵਰਸਿਟੀ ਟੀਮ ਦਾ ਕਪਤਾਨ।
- ❖ ਯੂਨੀਵਰਸਿਟੀ ਜਾਂ ਸੀਨੀਅਰ ਸਟੇਟ ਚੈਂਪੀਅਨਸ਼ਿਪ ਵਿੱਚ ਨਵਾਂ ਰਿਕਾਰਡ ਸਥਾਪਤ ਕਰਨ ਵਾਲੀ ਖਿਡਾਰਣ।

**ਨੋਟ:** ਕੇਵਲ ਉਨ੍ਹਾਂ ਹੀ ਖੇਡ ਮੁਕਾਬਲਿਆਂ ਨੂੰ ਮਾਨਤਾ ਦਿੱਤੀ ਜਾਵੇਗੀ ਜਿਹੜੇ ਪੰਜਾਬੀ ਯੂਨੀਵਰਸਿਟੀ/ਇੰਟਰ ਯੂਨੀਵਰਸਿਟੀ/ਪੰਜਾਬ ਸਰਕਾਰ ਵਲੋਂ ਪ੍ਰਵਾਨ ਹੋਣਗੇ।

**ਕਾਲਜ ਕਲਰ**

- ❖ ਨੈਸ਼ਨਲ ਜਾਂ ਅੰਤਰ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀ ਖਿਡਾਰਣ।
- ❖ ਯੂਨੀਵਰਸਿਟੀ ਪੱਧਰ ਤੇ ਖੇਡ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਖਿਡਾਰਣ।
- ❖ ਸੀਨੀਅਰ ਸਟੇਟ ਚੈਂਪੀਅਨਸ਼ਿਪ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਖਿਡਾਰਣ।
- ❖ ਕਾਲਜ ਦੀ ਸਰਵੋਤਮ ਐਥਲੀਟ।

**ਮੈਰਿਟ ਸਰਟੀਫਿਕੇਟ**

- ❖ ਯੂਨੀਵਰਸਿਟੀ ਪੱਧਰ ਤੇ ਖੇਡ ਮੁਕਾਬਲਿਆਂ ਵਿੱਚ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਖਿਡਾਰਣ।

## VI ਐਨ.ਸੀ.ਸੀ. (N.C.C.)

**ਰੋਲ ਆਫ ਆਨਰ**

- ❖ ਕੌਮੀ ਪੱਧਰ ਤੇ ਗੋਲਡ ਮੈਡਲ ਲੈਣ ਵਾਲੀ ਕੈਡਿਟ।

**ਕਾਲਜ ਕਲਰ**

- ❖ ਕੌਮੀ ਪੱਧਰ ਤੇ ਕੈਂਪ ਲਗਾਉਣ ਵਾਲੀ ਕੈਡਿਟ।

**ਮੈਰਿਟ ਸਰਟੀਫਿਕੇਟ**

- ❖ ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ, ਡਾਇਰੈਕਟੋਰੇਟ ਪੱਧਰ ਤੇ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੀ ਕੈਡਿਟ ਐਨ.ਸੀ.ਸੀ. ਦੀਆਂ ਗਤੀਵਿਧੀਆਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੀ ਕੈਡਿਟ।

## VII ਐਨ.ਐਸ.ਐਸ. (N.S.S.)

**ਰੋਲ ਆਫ ਆਨਰ**

- ❖ ਤਿੰਨ ਸੱਤ/ਦਸ ਰੋਜ਼ਾ ਕੈਂਪ ਅਤੇ ਦੋ ਵਾਰ ਖੂਨਦਾਨ ਕਰਨ ਵਾਲੀ ਵਿਦਿਆਰਥਣ।
- ❖ ਸਟੇਟ ਯੂਨੀਵਰਸਿਟੀ/ਅੰਤਰ-ਯੂਨੀਵਰਸਿਟੀ ਪੱਧਰ ਤੇ ਨੈਸ਼ਨਲ ਇੰਟੈਗ੍ਰੇਸ਼ਨ।
- ❖ ਸੱਤ/ਦਸ ਰੋਜ਼ਾ ਕੈਂਪ ਵਿੱਚ ਮੈਨੂਅਲ ਵਰਕ/ਅਨੁਸ਼ਾਸ਼ਨ/ ਭਾਸ਼ਣ ਪ੍ਰਤੀਯੋਗਤਾ/ਲੇਖ-ਲਿਖਣ ਪ੍ਰਤੀਯੋਗਤਾ/ਵਾਦ-ਵਿਵਾਦ ਪ੍ਰਤੀਯੋਗਤਾ ਵਿੱਚ ਵਿਅਕਤੀਗਤ ਇਨਾਮ।
- ❖ ਸੈਸ਼ਨ ਦੌਰਾਨ ਹੋਣ ਵਾਲੀਆਂ ਗਤੀਵਿਧੀਆਂ ਵਿੱਚ ਘੱਟੋ-ਘੱਟ ਚਾਰ ਸਕਰਾਤਮਕ ਗਤੀਵਿਧੀਆਂ ਵਿੱਚ ਯੋਗਦਾਨ।

**ਕਾਲਜ ਕਲਰ**

- ❖ ਤਿੰਨ ਸੱਤ/ਦੱਸ ਰੋਜ਼ਾ ਕੈਂਪ।
- ❖ ਇੱਕ ਸੱਤ/ਦਸ ਰੋਜ਼ਾ ਕੈਂਪ ਵਿੱਚ ਉੱਤਮ ਵਲੰਟੀਅਰ।
- ❖ ਘੱਟੋ-ਘੱਟ ਇੱਕ ਵਾਰ ਖੂਨ ਦਾਨ ਜਾਂ ਪੰਜ ਪ੍ਰੋੜ੍ਹ ਵਿਅਕਤੀਆਂ ਨੂੰ ਸਿੱਖਿਆ ਪ੍ਰਦਾਨ ਕਰਨਾ।

**ਮੈਰਿਟ ਸਰਟੀਫਿਕੇਟ**

- ਦੋ ਸੱਤ/ਦਸ ਰੋਜ਼ਾਂ ਕੈਂਪ ਵਾਤਾਵਰਣ ਦੀ ਸਾਂਭ ਸੰਭਾਲ ਅਤੇ ਸਮਾਜ ਸੇਵੀ ਸੰਸਥਾਵਾਂ (ਅਨਾਥ ਆਸ਼ਰਮ, ਬਿਰਧ ਆਸ਼ਰਮ, ਅਪਾਹਜ ਆਸ਼ਰਮ) ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਵਲੰਟੀਅਰ।

## VIII ਰੈੱਡ ਕਰਾਸ (Red Cress)

**ਰੋਲ ਆਫ ਆਨਰ**

- ਰਾਸ਼ਟਰੀ ਪੱਧਰ ਤੇ ਪਹਿਲਾ, ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਜਾਂ ਟੀਮ।

**ਕਾਲਜ ਕਲਰ**

- ਸੇਂਟ ਜਾਨ ਐਂਬੂਲੈਂਸ (ਰੈੱਡ ਕਰਾਸ) ਮੁਕਾਬਲੇ ਵਿੱਚ ਰਾਜ ਪੱਧਰ ਤੇ ਪਹਿਲਾ ਸਥਾਨ ਪ੍ਰਾਪਤ ਕਰਨਾ।
- ਰਾਸ਼ਟਰੀ ਪੱਧਰ ਤੇ ਭਾਗ ਲੈਣ ਵਾਲੀ ਵਿਦਿਆਰਥਣ।

**ਮੈਰਿਟ ਸਰਟੀਫਿਕੇਟ**

- ਕਾਲਜ ਵਿਖੇ ਰੈਡ ਕਰਾਸ ਦੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਵਾਲਾ ਉੱਤਮ ਵਲੰਟੀਅਰ।
- ਰਾਜ ਪੱਧਰ ਤੇ ਭਾਗ ਲੈਣ ਵਾਲੀ ਵਿਦਿਆਰਥਣ।
- ਜਿਲ੍ਹੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਅਤੇ ਉੱਤਮ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ।

## ਕਾਲਜ ਕੈਂਪਸ ਵਿੱਚ ਧਿਆਨ ਦੇਣ ਯੋਗ ਜ਼ਰੂਰੀ ਹਦਾਇਤਾਂ

(Important Instructions for the Students at College Campus)

1. ID Card ਹਰ ਰੋਜ਼ ਕਾਲਜ ਲੈ ਕੇ ਆਣਾ ਜਰੂਰੀ ਹੈ।
2. ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਕਾਲਜ ਵਿੱਚ ਕਿਸੇ ਵੀ ਕਿਸਮ ਦੀ ਰੈਗਿੰਗ (Ragging) ਦੀ ਮਨਾਹੀ ਹੈ।
3. ਕਾਲਜ ਵਿੱਚ ਸਿਗਰਟ, ਤੰਬਾਕੂ ਜਾਂ ਸ਼ਰਾਬ ਪੀਣ ਜਾਂ ਹੋਰ ਨਸ਼ੇ ਦੀ ਹਾਲਤ ਵਿੱਚ ਕਾਲਜ ਆਉਣ/ਵਰਤੋਂ ਦੀ ਸਖ਼ਤ ਮਨਾਹੀ ਹੈ। ਕਿਸੇ ਤਰ੍ਹਾਂ ਦਾ ਨਸ਼ਾ ਕਰਨ ਵਾਲੇ ਅਤੇ ਰੈਗਿੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ ਸਰਕਾਰੀ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।
4. ਵਿਦਿਆਰਥੀ ਨੂੰ ਸਮੈਸਟਰ ਪ੍ਰੀਖਿਆਵਾਂ ਵਿੱਚ ਬੈਠਣ ਤੋਂ ਪਹਿਲਾਂ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਹਾਜ਼ਰੀਆਂ ਆਦਿ ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ। 75% ਹਾਜ਼ਰੀਆਂ ਅਤੇ ਅੰਦਰੂਨੀ ਮੁਲਾਂਕਣ (M.S.T.) ਪ੍ਰੀਖਿਆਵਾਂ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਬੈਠਣ ਦਾ ਦਾਅਵੇਦਾਰ ਨਹੀਂ ਹੋਵੇਗਾ।
5. ਵਿਦਿਆਰਥੀਆਂ ਨੂੰ ਕਾਲਜ ਵਿੱਚ ਮੋਬਾਇਲ ਫੋਨ ਚਾਰਜ ਕਰਨ ਦੀ ਮਨਾਹੀ ਹੈ। ਉਲੰਘਣਾ ਕਰਨ ਦੀ ਸੂਰਤ ਵਿੱਚ ਬਣਦੀ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਵਿਦਿਆਰਥੀ ਕਾਲਜ ਕੈਂਪਸ ਵਿੱਚ ਜ਼ਰਰੂਤ ਪੈਣ ਤੇ ਫੋਨ ਕਰ ਸਕਦੇ ਹਨ।
6. ਵਿਦਿਆਰਥੀ ਲਈ ਕਾਲਜ ਵਿੱਚ ਕਾਰ-ਪਾਰਕਿੰਗ ਦੀ ਸੁਵਿਧਾ ਨਹੀਂ ਹੈ। ਸਾਈਕਲ, ਸਕੂਟਰ, ਮੋਪਡ ਅਤੇ ਮੋਟਰਸਾਈਕਲ ਨਿਸ਼ਚਿਤ ਥਾਵਾਂ 'ਤੇ ਖੜ੍ਹੇ ਕੀਤੇ ਜਾਣ।
7. ਪ੍ਰਿੰਸੀਪਲ ਸਾਹਿਬ ਦੀ ਅਗੇਤ ਆਗਿਆ ਪ੍ਰਾਪਤ ਕੀਤੇ ਬਿਨ੍ਹਾਂ ਕੋਈ ਮੀਟਿੰਗ ਕਾਲਜ ਵਿੱਚ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਕੋਈ ਪੋਸਟਰ ਲਗਾਇਆ ਜਾ ਸਕਦਾ ਹੈ।
8. ਕਾਲਜ ਕੈਂਪਸ ਨੂੰ ਸਾਫ਼ ਰੱਖਣਾ ਹਰ ਵਿਦਿਆਰਥੀ ਦਾ ਫ਼ਰਜ਼ ਹੈ। ਕਾਗਜ਼ ਅਤੇ ਹੋਰ ਫਾਲਤੂ ਪਦਾਰਥ ਕਾਲਜ ਵਿੱਚ ਰੱਖੇ ਕੂੜੇਦਾਨਾਂ ਵਿੱਚ ਸੁੱਟੇ ਜਾਣ।
9. ਕਾਲਜ ਚਾਰ ਦੀਵਾਰੀ ਤੇ ਪੋਸਟਰ ਲਗਾਉਣ ਜਾਂ ਇਮਾਰਤ ਨੂੰ ਨੁਕਸਾਨ ਪਹੁੰਚਾਉਣ ਤੇ ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਨੁਕਸਾਨ ਦੀ ਪੂਰਤੀ ਸੰਬੰਧਿਤ ਵਿਦਿਆਰਥੀ ਕੋਲੋਂ ਕਰਵਾਈ ਜਾਵੇਗੀ।

10. ਕਾਲਜ ਵਿੱਚ ਦਾਖਲਾ, ਨਾਂ ਕਟਵਾਉਣ ਜਾਂ ਕਿਸੇ ਹੋਰ ਵਿਸ਼ੇ ਸਬੰਧੀ ਸੰਪਰਕ/ਪੱਤਰ-ਵਿਹਾਰ ਪ੍ਰਿੰਸੀਪਲ ਨਾਲ ਕੀਤਾ ਜਾਣਾ ਚਾਹੀਦਾ ਹੈ।
11. ਕਾਲਜ ਵੱਲੋ ਹਰ ਸੂਚਨਾ ਨੋਟਿਸ ਬੋਰਡ 'ਤੇ ਲਗਾਈ ਜਾਂਦੀ ਹੈ।ਇਸ ਲਈ ਹਰ ਵਿਦਿਅਰਥਣ ਨੂੰ ਰੋਜ਼ ਨੋਟਿਸ ਬੋਰਡ ਜ਼ਰੂਰ ਵੇਖਣਾ ਚਾਹੀਦਾ ਹੈ।
12. ਕੋਈ ਵੀ ਵਿਦਿਆਰਥੀ ਦੁਪਹਿਰ 12:00 ਵਜੇ ਤੋਂ ਪਹਿਲਾਂ ਕਾਲਜ ਤੋਂ ਬਾਹਰ ਨਹੀਂ ਜਾ ਸਕੇਗਾ।
13. ਕੋਈ ਵੀ ਵਿਦਿਆਰਥੀ ਕਾਲਜ ਵਿੱਚ ਕਿਸੇ ਵੀ ਬਾਹਰਲੇ ਵਿਅਕਤੀ ਨੂੰ ਆਪਣੇ ਨਾਲ ਨਹੀਂ ਲੈ ਕੇ ਆਵੇਗਾ ਅਤੇ ਨਾ ਹੀ ਮਿਲੇਗਾ ਅਜਿਹਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਤੇ ਬਣਦੀ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
14. ਵਿਦਿਆਰਥੀ ਨੂੰ ਹਦਾਇਤ ਹੈ ਕਿ ਕਾਲਜ ਦੇ ਕਰਮਚਾਰੀਆਂ/ਚੌਕੀਦਾਰ ਅਤੇ ਗੇਟ ਤੇ ਤਾਇਨਾਤ ਸੁਰੱਖਿਆ ਗਾਰਡਾਂ ਦਾ ਆਦਰ ਕਰਨ।
15. ਕਾਲਜ ਕੈਂਪਸ ਪਾਲੀਥਿਨ ਮੁਕਤ ਐਲਾਨਿਆਂ ਜਾ ਚੁੱਕਿਆ ਹੈ ਇਸ ਕਾਰਨ ਕਿਸੇ ਵਿਦਿਆਰਥੀ ਕੋਲੋਂ ਪਲਾਸਟਿਕ ਬੈਗ ਮਿਲਣ ਦੀ ਸੂਰਤ ਵਿੱਚ ਸਰਕਾਰੀ ਹਦਾਇਤਾਂ /ਨਿਯਮਾਂ ਅਨੁਸਾਰ ਜੁਰਮਾਨਾ ਵਸੂਲਿਆ ਜਾਵੇਗਾ।
16. ਕਾਲਜ ਵਿੱਚ ਪਟਾਕੇ/ਆਤਿਸ਼ਬਾਜੀ ਚਲਾਉਣ ਦੀ ਮਨਾਹੀ ਹੈ ਉਲੰਘਣ ਕਰਨ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
17. ਵਿਦਿਆਰਥੀਆਂ ਦੇ ਮਾਪੇ /ਸਰਪ੍ਰਸਤ ਕਾਲਜ ਦੇ ਸੁਧਾਰ ਲਈ ਆਪਣੇ ਸੁਝਾਅ ਦੇ ਸਕਦੇ ਹਨ।
18. ਵਿਦਿਆਰਥਣਾਂ ਦੀ ਸੁਰੱਖਿਆ ਅਤੇ ਅਨੁਸ਼ਾਸਨ ਨੂੰ ਧਿਆਨ ਵਿੱਚ ਰੱਖਦੇ ਹੋਏ ਕਾਲਜ ਕੈਂਪਸ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਏ ਗਏ ਹਨ। ਪਰ ਵਿਦਿਆਰਥਣ ਦੀ ਕਿਸੇ ਵਸਤੂ, ਬੈਗ, ਪਰਸ, ਮੋਬਾਇਲ, ਕਿਤਾਬ, ਨੋਟਸ ਆਦਿ ਦੀ ਚੋਰੀ ਫੜਨ/ਦੀ ਜਾਣਕਾਰੀ ਸਬੰਧ ਇਹਨਾਂ ਦੀ ਵਰਤੋਂ ਨਹੀਂ ਹੋਵੇਗੀ।
19. ਇਸ ਲਈ ਵਿਦਿਆਰਥਣਾਂ ਨੂੰ ਸਖ਼ਤ ਹਦਾਇਤ ਹੈ ਕਿ ਉਹ ਆਪਣੇ ਨਾਲ ਕੀਮਤੀ ਮੋਬਾਇਲ ਨਗਦੀ (ਕੈਸ਼) ਗਹਿਣੇ ਅਤੇ ਏ.ਟੀ.ਐਮ. ਕਾਰਡ ਕਾਲਜ ਨਾ ਲੈ ਕੇ ਆਉਣ। ਗੁੰਮ ਹੋਣ ਦੀ ਸੂਰਤ ਵਿੱਚ ਜ਼ਿੰਮੇਵਾਰੀ ਸਬੰਧਿਤ ਵਿਦਿਆਰਥਣ ਦੀ ਹੋਵੇਗੀ।

**ਨੋਟ:** ਕਾਲਜ ਦੇ ਹਰਕੇ ਵਿਦਿਆਰਥੀ ਦੁਆਰਾ ਨਿਯਮਾਂ ਦੀ ਪਾਲਣਾ ਜ਼ਰੂਰੀ ਹੈ। ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ ਢੁਕਵੀਂ ਕਾਰਵਾਈ ਕੀਤੀ ਜਾਵੇਗੀ।

# ਹੋਸਟਲ ਵਿੱਚ ਦਾਖ਼ਲੇ ਸਬੰਧੀ ਨਿਯਮ
## (Rules for Admission to Hostel)

ਮਾਪੇ/ਗਾਰਡੀਅਨ ਹੋਸਟਲ ਵਿੱਚ ਦਾਖ਼ਲੇ ਲਈ ਆਪਣੀ ਲੜਕੀ ਨਾਲ ਆਉਣ।

1. ਹੋਸਟਲ ਵਿੱਚ ਦਾਖ਼ਲਾ ਪ੍ਰਾਪਤ ਕਰਨ ਲਈ ਪ੍ਰਾਸਪੈਕਟ ਵਿੱਚ ਦਿੱਤੇ ਫਾਰਮ ਨੂੰ ਭਰ ਕੇ ਦੇਣਾ ਹੁੰਦਾ ਹੈ।
2. ਹੋਸਟਲ ਵਿੱਖ ਦਾਖ਼ਲਾ 2025-26 ਲਈ ਹੈ। ਪੂਰੇ ਸੈਸ਼ਨ ਹੋਸਟਲ ਵਿੱਚ ਰਹਿਣਾ ਲਾਜ਼ਮੀ ਹੈ।
3. ਪੁਰਾਣੇ ਪਾਸ ਹੋਏ ਬੋਰਡਰਾਂ ਨੂੰ ਉਨ੍ਹਾਂ ਦਾ ਪਿਛਲਾ ਰਿਕਾਰਡ ਦੇਖ ਦੇ ਹੀ ਦਾਖ਼ਲਾ ਮਿਲ ਸਕੇਗਾ।
4. ਲਗਾਤਾਰ ਬੀਮਾਰ ਰਹਿਣ ਵਾਲੀ ਵਿਦਿਆਰਥਣ ਨੂੰ ਹੋਸਟਲ ਵਿੱਚ ਰਹਿਣ ਦੀ ਆਗਿਆ ਨਹੀਂ ਦਿੱਤੀ ਜਾਂਦੀ।
5. ਹਰ ਇੱਕ ਬੋਰਡਰ ਆਪਣੇ ਸਾਰੇ ਸਰਟੀਫਿਕੇਟ, ਉਨ੍ਹਾਂ ਦੀਆਂ ਛੇ-ਛੇ ਫੋਟੋਸਟੇਟ ਕਾਪੀਆਂ ਅਤੇ ਆਪਣੀਆਂ ਛੇ ਫੋਟੋਆਂ ਸਾਰਾ ਸਾਲ ਆਪਣੇ ਕੋਲ ਰੱਖੋ।
6. ਹਰ ਇੱਕ ਬੋਰਡਰ ਲਈ ਸਾਂਝੇ ਮੈੱਸ ਹਾਲ ਵਿੱਚ ਰੋਟੀ ਖਾਣੀ ਜ਼ਰੂਰੀ ਹੈ।
7. ਹਰ ਮਹੀਨੇ ਦਾ ਮੈੱਸ ਖਰਚਾ ਮਹੀਨੇ ਦੀ 10 ਤਾਰੀਖ ਤੋਂ ਪਹਿਲਾਂ ਦੇਣਾ ਜ਼ਰੂਰੀ ਹੈ। ਇਹ ਜ਼ਿੰਮੇਵਾਰੀ ਬੋਰਡਰ ਦੇ ਮਾਪਿਆਂ ਦੀ ਹੋਵੇਗੀ। 10 ਤਾਰੀਖ ਤੋਂ ਬਾਅਦ ਮੈੱਸ ਫੀਸ ਨਾ ਭਰਨ ਦੀ ਸੂਰਤ ਵਿੱਚ ਹਰ ਰੋਜ਼ ਦਾ 20 ਰੁਪਏ ਜ਼ੁਰਮਾਨਾ ਕੀਤਾ ਜਾਵੇਗਾ।
8. ਬੋਰਡਰ ਵਿਦਿਆਰਥਣਾਂ ਲਈ ਰੈੱਡ ਕਰਾਸ/ਐਨ.ਐਸ.ਐਸ./ਐਨ.ਸੀ.ਸੀ. /ਖੇਡਾਂ/ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਵਿੱਚ ਭਾਗ ਲੈਣਾ ਜਰੂਰੀ ਹੈ। ਇਸ ਲਈ ਮਾਪਿਆਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।
9. ਹੋਸਟਲ ਵਿੱਚ ਦਾਖ਼ਲੇ ਸਮੇਂ ਹਰ ਇੱਕ ਸਰਪ੍ਰਸਤ ਨੂੰ ਸਪਰਡੈਂਟ ਕੋਲ ਉਨ੍ਹਾਂ ਰਿਸ਼ਤਦੇਾਰਾਂ/ਸੰਬੰਧੀਆਂ ਦੀ ਲਿਸਟ ਅਤੇ ਰਿਸ਼ਤੇਦਾਰਾਂ ਦੀ ਦੋ-ਦੋ ਤਸਵੀਰਾਂ ਜਮ੍ਹਾਂ ਕਰਵਾਉਣੀਆਂ ਪੈਣਗੀਆਂ ਜਿਹੜੇ ਬੋਰਡਰ ਨੂੰ ਯੂਨੀਵਰਸਿਟੀ ਵਲੋਂ ਪ੍ਰਵਾਨਿਤ ਛੁੱਟੀਆਂ ਵਿੱਚ ਮਿਲ ਸਕਣ ਜਾਂ ਜਿਹੜੇ ਉਸ ਨੂੰ ਘਰ ਲੈ ਕੇ ਜਾ ਸਕਣ। ਘਰੋਂ ਵਾਪਸ ਆਉਣ ਸਮੇਂ ਬੋਰਡਰ ਲਈ ਲੀਵ ਰਿਕਾਰਡ ਬੁੱਕ ਉੱਪਰ ਮਾਤਾ-ਪਿਤਾ ਦੇ ਹਸਤਾਖ਼ਰ ਕਰਾ ਕੇ ਲਿਆਉਂਣੇ ਜ਼ਰੂਰੀ ਹਨ।
10. ਕੰਮਕਾਜੀ ਦਿਨਾਂ ਵਿੱਚ ਬੋਰਡਰ ਨੂੰ ਮਿਲਣ ਜਾਂ ਛੁੱਟੀ ਦੁਆਉਣ ਦੀ ਆਗਿਆ ਨਹੀਂ ਹੈ।
11. ਯੂਨੀਵਰਸਿਟੀ ਪ੍ਰੀਖਿਆਵਾ ਦੀਆਂ ਨਿਸ਼ਚਿਤ ਮਿਤੀਆਂ ਅਨੁਸਾਰ ਹੀ ਬੋਰਡਰ ਨੂੰ ਇਮਤਿਹਾਨਾਂ ਦੀ ਤਿਆਰੀ ਦੀਆਂ ਛੁੱਟੀਆਂ ਮਿਲਣਗੀਆਂ। ਇਸ ਤੋਂ ਪਹਿਲਾਂ ਹੋਸਟਲ ਛੱਡਣ ਦੀ ਆਗਿਆ ਨਹੀਂ ਹੈ।
12. ਹਰ ਛੁੱਟੀ ਤੋਂ ਬਾਅਦ ਜੇਕਰ ਬੋਰਡਰ ਸਮੇਂ ਸਿਰ ਹੋਸਟਲ ਵਿੱਚ ਨਹੀਂ ਪਹੁੰਚਦੀ ਜਾਂ ਛੁੱਟੀ ਵਧਾਉਣ ਲਈ ਮਾਪਿਆਂ ਤੋਂ ਫੋਨ ਆਦਿ ਕਰਵਾਉਂਦੀ ਹੈ ਤਾਂ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਛੁੱਟੀ ਤੋਂ ਬਾਅਦ ਬੋਰਡਰ ਦੇ ਸਮੇਂ ਸਿਰ ਹੋਸਟਲ ਵਿੱਚ ਨਾ ਪੁੱਜਣ ਦੀ ਸੂਰਤ ਵਿੱਚ ਉਸ ਸੰਬਧੀ ਪੁੱਛ ਪੜਤਾਲ ਆਦਿ ਦਾ ਖਰਚਾ ਵਿਦਿਆਰਥਣਾਂ ਤੋਂ ਲਿਆ ਜਾਵੇਗਾ।
13. ਹੋਸਟਲ ਦੀਆਂ ਵਿਦਿਆਰਥਣਾਂ ਕਾਲਜ ਖ਼ਤਮ ਹੋਣ ਤੋਂ ਬਾਅਦ ਬਜ਼ਾਰ, ਬੈਂਕ ਆਦਿ ਦੇ ਕੰਮ ਲਈ ਕਾਲਜ ਤੋਂ ਬਾਹਰ ਜਾ ਸਕਦੀਆਂ ਹਨ। ਗਰਮੀਆਂ ਵਿੱਚ 6:30 ਵਜੇ ਅਤੇ ਸਰਦੀਆਂ ਵਿੱਚ 5 ਵਜੇ ਤੱਕ ਹੋਸਟਲ ਵਿੱਚ ਹਾਜ਼ਰ ਹੋਣਾ ਜ਼ਰੂਰੀ ਹੈ ਨਾ ਹਾਜ਼ਰ ਹੋਣ ਦੀ ਸੂਰਤ ਵਿੱਚ ਉਨ੍ਹਾਂ ਦੇ ਮਾਪਿਆਂ ਨੂੰ ਤੁਰੰਤ ਸੂਚਿਤ ਕੀਤਾ ਜਾਵੇਗਾ ਅਤੇ ਹੋਸਟਲ ਖਾਲੀ ਕਰਵਾਇਆ ਜਾਵੇਗਾ।
14. ਹੋਸਟਲ ਵਿੱਚ ਰਹਿਣ ਵਾਲੀਆਂ ਸਾਰੀਆਂ ਵਿਦਿਆਰਥਣਾਂ ਲਈ ਹਰ ਰੋਜ਼ ਰਾਤ ਨੂੰ ਸਟੱਡੀ ਪੀਰੀਅਡ ਹੋਵੇਗਾ ਜਿਸ ਵਿੱਚ ਵਿਦਿਆਰਥਣਾਂ ਪੜ੍ਹਨ ਵਿੱਚ ਦਿਲਚਸਪੀ ਲੈਣਗੀਆਂ। ਇਸ ਸਮੇਂ ਤੋਂ ਬਾਅਦ ਬਿਜਲੀ ਜਗਾਉਣ ਦੀ ਆਗਿਆ ਨਹੀਂ ਹੋਵੇਗੀ।
15. ਸਾਰੀਆਂ ਕਲਾਸਾਂ ਦੀਆਂ ਵਿਦਿਆਰਥਣਾਂ ਦੇ ਮਾਪੇ/ਰਿਸ਼ਤੇਦਾਰ ਮਹੀਨੇ ਦੇ ਪਹਿਲੇ ਅਤੇ ਤੀਸਰੇ ਐਤਵਾਰ ਸਵੇਰੇ 9:30 ਤੋਂ 2:30 ਦੁਪਹਿਰ ਤੱਕ ਮਿਲ ਸਕਦੇ ਹਨ, ਪਰ ਕਮਰੇ ਵਿੱਚ ਨਹੀਂ ਜਾ ਸਕਦੇ। ਮਾਪਿਆਂ/ਰਿਸ਼ਤੇਦਾਰ ਕੋਲ ਸ਼ਨਾਖਤੀ ਕਾਰਡ ਹੋਣਾ ਬਹੁਤ ਜ਼ਰੂਰੀ ਹੈ ਜੋ ਦਾਖ਼ਲੇ ਸਮੇਂ ਬਣਾਇਆ ਜਾਂਦਾ ਹੈ।
16. ਜੇਕਰ ਬੋਰਡਰ ਦਾ ਵਤੀਰਾ ਠੀਕ ਨਹੀਂ ਹੈ? ਤਾਂ ਜਾਂ ਪੜ੍ਹਾਈ ਦੇ ਦੌਰਾਨ ਉਸ ਦੀ ਸ਼ਾਦੀ ਹੋ ਜਾਂਦੀ ਹੈ ਤਾਂ ਉਹ ਪਹਿਲਾਂ ਹੀ ਸ਼ਾਦੀ ਸ਼ੁਦਾ ਹੈ ਤਾਂ ਉਸਨੂੰ ਹੋਸਟਲ ਵਿੱਚ ਨਹੀਂ ਰੱਖਿਆ ਜਾਵੇਗਾ।
17. ਕਿਸੇ ਵੀ ਬੋਰਡਰ ਕੋਲ ਗਹਿਣੇ ਕੋਈ ਵੀ ਕੀਮਤੀ ਵਸਤੂ ਮਹਿੰਗੇ ਮੋਬਾਇਲ ਜਾਂ ਹੋਰ ਇਹ ਸਮਾਨ ਗੁੰਮ ਜਾਂ ਚੋਰੀ ਹੋਣ ਦੀ ਸੂਰਤ ਵਿੱਚ ਵਿਦਿਆਰਥਣ ਖੁਦ ਜ਼ਿੰਮੇਵਾਰ ਹੋਵੇਗੀ।

18. ਕਿਸੇ ਵੀ ਬੋਰਡਰ ਨੂੰ ਬਿਜਲੀ ਦੇ ਸਮਾਨ ਜਿਵੇਂ ਹੀਟਰ, ਪ੍ਰੈੱਸ ਆਦਿ ਦੀ ਵਰਤੋਂ ਦੀ ਆਗਿਆ ਨਹੀਂ ਹੈ। ਜੋ ਕੋਈ ਵਿਦਿਆਰਥੀ ਇਸ ਦੀ ਉਲੰਘਣਾ ਕਰੇਗੀ ਤਾਂ ਇਸ ਸਮਾਨ ਕਾਲਜ ਵੱਲੋਂ ਜ਼ਬਤ ਕਰ ਲਿਆ ਜਾਵੇਗਾ।
19. ਹੋਸਟਲ ਵਿੱਚ ਦਾਖ਼ਲੇ ਸਮੇਂ ਲੀਵ ਬੁੱਕ ਦਿੱਤੀ ਜਾਵੇਗੀ। ਗੁੰਮ ਹੋਣ ਦੀ ਸੂਰਤ ਵਿੱਚ 50/- ਰੁਪਏ ਦੁਬਾਰਾ ਭਰ ਕੇ ਨਵੀਂ ਬਣਵਾਈ ਜਾ ਸਕਦੀ ਹੈ। ਪੁਰਾਣੀਆਂ ਵਿਦਿਆਰਥਣਾਂ ਪੁਰਾਣੀ ਲੀਵ ਬੁੱਕ ਨਹੀਂ ਵਰਤ ਸਕਦੀਆਂ।
20. ਬੋਰਡਰ ਦੇ ਖਾਣ ਪੀਣ ਅਤੇ ਰਹਿਣ ਤੱਕ ਦੀ ਹੀ ਜ਼ਿੰਮੇਵਾਰੀ ਹੈ, ਬਾਕੀ ਹੋਰ ਕਿਸੇ ਕਿਸਮ ਦੀ ਜ਼ਿੰਮੇਵਾਰੀ ਕਾਲਜ ਦੀ ਨਹੀਂ ਹੋਵੇਗੀ।
21. ਪ੍ਰਿੰਸੀਪਲ ਜਾਂ ਪ੍ਰਿੰਸੀਪਲ ਦੁਆਰਾ ਨਿਯੁਕਤ ਕੀਤੇ ਗਏ ਆਧਿਕਾਰੀ ਤੋਂ ਇਲਾਵਾ ਕਿਸੇ ਹੋਰ ਅਧਿਕਾਰੀ ਨੂੰ ਹੋਸਟਲ ਦੀਆਂ ਵਿਦਿਆਰਥਣਾਂ ਦੀ ਛੁੱਟੀ ਮਨਜ਼ੂਰ ਕਰਨ ਦਾ ਅਧਿਕਾਰ ਨਹੀਂ ਹੈ।
22. ਵਿਦਿਆਰਥਣਾਂ ਨੂੰ ਹੋਸਟਲ ਛੱਡਣ ਦੀ ਆਗਿਆ ਤਦ ਹੀ ਮਿਲ ਸਕਦੀ ਹੈ ਜੇਕਰ ਉਸ ਦੇ ਮਾਤਾ-ਪਿਤਾ-ਸਰਪ੍ਰਸਤ ਜਿਨ੍ਹਾਂ ਨੇ ਉਸ ਨੂੰ ਕਾਲਜ ਵਿੱਚ ਦਾਖ਼ਲ ਕਰਵਾਇਆ ਸੀ, ਵਿਅਕਤੀਗਤ ਰੂਪ ਵਿੱਚ ਆ ਕੇ ਮਨਜ਼ੂਰੀ ਲੈਣ। ਇਕ ਵਾਰ ਹੋਸਟਲ ਛੱਡਣ ਤੋਂ ਪਿੱਛੋਂ ਵਿਦਿਆਰਥਣ ਦੇ ਕਿਸੇ ਕਿਸਮ ਦੇ ਸਮਾਨ ਦੀ ਜ਼ਿੰਮੇਵਾਰੀ ਕਿਸੇ ਹੋਸਟਲ ਅਧਿਕਾਰੀ ਦੀ ਨਹੀਂ ਹੋਵੇਗੀ।
23. ਬੋਰਡਰ ਤੋਂ ਇਲਾਵਾ ਕੋਈ ਵਿਦਿਆਰਥਣ ਪ੍ਰਿੰਸੀਪਲ ਦੀ ਲਿਖਤੀ ਆਗਿਆ ਬਿਨ੍ਹਾਂ ਹੋਸਟਲ ਵਿੱਚ ਨਹੀਂ ਰਹਿ ਸਕਦੀ।
24. ਮੈਡੀਕਲ ਲੀਵ ਤੋਂ ਇਲਾਵਾ ਜੇਕਰ ਬੋਰਡਰ ਕਿਸੇ ਹੋਰ ਲੀਵ ਉੱਪਰ ਹੈ ਤਾਂ ਬੋਰਡਰ ਨੂੰ ਆਪਣੀ ਮੈਸ ਦਾ ਖਰਚਾ ਪੂਰਾ ਭਰਨਾ ਪਵੇਗਾ।
25. ਹੋਸਟਲ ਸਬੰਧੀ ਹਰ ਪ੍ਰਕਾਰ ਦੇ ਖਰਚਿਆਂ ਦੀ ਰਕਮ ਦਫ਼ਤਰ ਦੇ ਵਿੱਚ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ।
26. ਉਨ੍ਹਾਂ ਵਿਦਿਆਰਥਣਾਂ ਨੂੰ ਹੋਸਟਲ ਵਿੱਚ ਦਾਖ਼ਲਾ ਨਹੀਂ ਮਿਲੇਗਾ ਜਿਨ੍ਹਾਂ ਨੇ ਪਿਛਲੇ ਸਾਲਾਂ ਦੀ ਠਹਿਰ ਦੌਰਾਨ ਕਿਸੇ ਵੀ ਰੂਪ ਵਿੱਚ ਅਨੁਸ਼ਾਸਨ ਦੀ ਪਾਲਣਾ ਨਹੀਂ ਸੀ ਕੀਤੀ ਜਾਂ ਸੈਸ਼ਨ ਦੌਰਾਨ ਹੋਸਟਲ ਛੱਡਿਆ ਸੀ।
27. ਨਿਯਮਾਂ ਦੀ ਉਲੰਘਣਾ ਕਰਨ ਅਤੇ ਹੜਤਾਲਾਂ ਆਦਿ ਵਿੱਚ ਸਿੱਧੇ ਜਾਂ ਅਸਿੱਧੇ ਤੌਰ ਤੇ ਭਾਗ ਲੈਣ ਤੇ ਅਨੁਸ਼ਾਸਨੀ ਕਾਰਵਾਈ ਕਰਕੇ ਹੋਸਟਲ ਵਿੱਚੋਂ ਬਰਖਾਸਤ ਕੀਤਾ ਜਾ ਸਕਦਾ ਹੈ।
28. 1) ਹੋਸਟਲ ਦੀ ਹਰ ਵਿਦਿਅਰਥਣ ਨੂੰ 15 ਦਿਨਾਂ ਬਾਅਦ ਹੀ ਦੋ ਦਿਨ ਵਾਸਤੇ ਘਰ ਜਾਣ ਦੀ ਆਗਿਆ ਹੋਵੇਗੀ।

    2) ਰਾਜਪੁਰਾ, ਨਾਭਾ, ਸਰਹਿੰਦ, ਸਮਾਣਾ ਅਤੇ ਭਵਾਨੀਗੜ੍ਹ ਆਦਿ ਨੇੜੇ-ਤੇੜੇ ਦੇ ਖੇਤਰ ਦੀਆਂ ਵਿਦਿਆਰਥਣਾਂ ਆਪਣੇ ਮਾਪਿਆਂ ਦੀ ਆਗਿਆ ਅਨੁਸਾਰ ਆਪ ਹੀ ਘਰ ਜਾਂ ਸਕਦੀਆਂ ਹਨ। ਇਨ੍ਹਾਂ ਦੇ ਰਿਸ਼ਤੇਦਾਰਾਂ ਲਈ ਕੋਈ ਵਿਜ਼ਿਟਿੰਗ ਡੇ ਨਹੀਂ ਹੋਵੇਗਾ।

    3) ਦੂਰ ਦੇ ਖੇਤਰ ਵਾਲੀਆਂ ਵਿਦਿਆਰਥਣਾਂ ਦੇ ਰਿਕਾਰਡ ਕਾਰਡ ਉੱਤੇ ਮਾਪੇ ਰਿਸ਼ਤੇਦਾਰ ਦੀਆਂ ਕੇਵਲ ਦੋ ਫੋਟੋਆਂ ਲਗਾਇਆ ਜਾਣਗੀਆਂ। ਇਨ੍ਹਾਂ ਦੇ ਲਈ ਮਹੀਨੇ ਦੇ ਪਹਿਲੇ ਅਤੇ ਤੀਸਰੇ ਐਤਵਾਰ ਵਿਜ਼ਿਟਿੰਗ ਡੇ ਹੋਵੇਗਾ। ਇੱਕ ਵਿਜ਼ਿਟਿੰਗ ਕਾਰਡ ਉੱਤੇ ਕੇਵਲ ਇਕ ਹੀ ਮੈਂਬਰ ਮਿਲ ਸਕਦਾ ਹੈ ਅਤੇ ਕਾਰਡ ਨਾਲ ਲਿਆਉਣਾ ਬਹੁਤ ਹੀ ਜ਼ਰੂਰੀ ਹੈ। ਜੇਕਰ ਬਿਨ੍ਹਾਂ ਕਾਰਡ ਤੋਂ ਮਿਲਣ ਦੀ ਜਿੱਦ ਕਰੇਗਾ ਤਾਂ ਇਸ ਅਨੁਸ਼ਾਸਨਹੀਣਤਾ ਸਮਝਿਆ ਜਾਵੇਗਾ।
29. ਜਿਹੜਾ ਵੀ ਬੋਰਡਰ ਸੈਸ਼ਨ ਦੇ ਵਿਚਕਾਰ ਹੋਸਟਲ ਛੱਡ ਕੇ ਜਾਂਦਾ ਹੈ ਉਹ ਸਕਿਊਰਿਟੀ ਲੈਣ ਦਾ ਹੱਕਦਾਰ ਨਹੀਂ ਹੋਵੇਗਾ।
30. ਹੋਸਟਲ ਵਿੱਚ ਅਲਾਟ ਕੀਤੇ ਕਮਰੇ ਵਿੱਚ ਪੱਖਾ, ਟਿਊਬ, ਬੈੱਡ, ਅਲਮਾਰੀ ਅਤੇ ਦਰਵਾਜ਼ਿਆਂ ਦੇ ਕੁੰਡੇ ਆਦਿ ਸਹੀ ਹਾਲਤ ਵਿੱਚ ਬੋਰਡਰ ਨੂੰ ਸੌਂਪੇ ਜਾਣਗੇ। ਇਸ ਤੋਂ ਬਾਅਦ ਇਨ੍ਹਾਂ ਦੀ ਟੁੱਟ ਭੱਜ ਅਤੇ ਰਿਪੇਅਰ ਦੀ ਜ਼ਿੰਮੇਵਾਰੀ ਬੋਰਡਰ ਦੀ ਆਪਣੀ ਹੋਵੇਗੀ।
31. ਅਲਾਟ ਕੀਤੇ ਬਾਥਰੂਮਾਂ ਵਿੱਚ ਜੇਕਰ ਸੈਨੇਟਰੀ ਨੈਪਕਿਨ ਪਾਏ ਜਾਂਦੇ ਹਨ ਤਾਂ ਉਸ ਬਲਾਕ ਦੇ ਬੋਰਡਰਾਂ ਨੂੰ ਜ਼ੁਰਮਾਨਾ ਕੀਤਾ ਜਾਵੇਗਾ।
32. ਸਰਦੀ, ਗਰਮੀ ਦੀਆਂ ਛੁੱਟੀਆਂ ਅਤੇ ਦੀਵਾਲੀ ਵਾਲੇ ਦਿਨ ਹੋਸਟਲ ਬੰਦ ਰਹੇਗਾ।
33. ਕਾਲਜ ਦੇ ਹੋਸਟਲ ਵਿੱਚ ਦਾਖ਼ਲਾ ਲੈਣ ਉਪਰੰਤ ਸਾਲਾਨਾ ਪ੍ਰੀਖਿਆ ਤੋਂ ਪਹਿਲਾਂ ਹੋਸਟਲ ਛੱਡਣ ਵਾਲੇ ਵਿਦਿਆਰਥੀ ਨੂੰ ਪੂਰੇ ਸੈਸ਼ਨ ਦੀ ਹੋਸਟਲ-ਫੀਸ ਅਤੇ ਮੈੱਸ ਦਾ ਪੂਰਾ ਖਰਚਾ ਦੇਣਾ ਪਵੇਗਾ।

**ਨੋਟ: ਮੈੱਸ ਸਬੰਧੀ ਖਰਚੇ/ਸਕਿਉਰਟੀ ਆਦਿ ਨਿਯਮ ਹੋਸਟਲ ਵਿੱਚ ਦਾਖ਼ਲਾ ਦੇਣ ਸਮੇਂ ਦੱਸੇ ਜਾਣਗੇ।**



ਪਲੇਸਮੈਂਟ ਸੈਲ ਦੇ ਅਧੀਨ ਵਿਦਿਆਰਥਣਾਂ ਨੂੰ ਖੇਤਰੀ ਸਿਖਲਾਈ ਪ੍ਰਦਾਨ ਕਰਨ ਲਈ ਮਸ਼ਰੂਮ ਫਾਰਮ ਵਿਖੇ ਲਿਜਾਇਆ ਗਿਆ।



ਕਾਲਜ ਦੇ ਪਲੇਸਮੈਂਟ ਸੈੱਲ ਵੱਲੋਂ ਵਿਦਿਆਰਥਣਾਂ ਦੇ ਰੁਜ਼ਗਾਰ ਲਈ ਹੁਨਰ ਵਧਾਣ ਲਈ ਟੈਕ ਮਹਿੰਦਰਾ ਵੱਲੋਂ ਪਲੇਸਮੈਂਟ ਡਰਾਈਵ ਕਰਵਾਈ ਗਈ।



ਐਮ.ਏ ਭਾਗ ਪਹਿਲਾ ਦੀ ਵਿਦਿਆਰਥਣ ਜਸਮੀਤ ਕੌਰ ਨੇ ਅੰਤਰ-ਖੇਤਰੀ ਯੁਵਕ ਮੇਲੇ ਵਿੱਚ ਪੱਛਮੀ ਸੋਲੋ ਗਾਇਨ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।



ਐਮ.ਏ ਭਾਗ ਦੂਜਾ ਦੀ ਵਿਦਿਆਰਥਣ ਰੀਤੀਕਾ ਗੁਲਾਟੀ ਨੇ ਖੇਤਰੀ ਯੁਵਕ ਮੇਲੇ ਵਿੱਚ ਕਲਾਸਿਕਲ ਡਾਂਸ ਕਥਕ ਦੀ ਆਈਟਮ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।



ਨੈਸ਼ਨਲ ਸਾਈਨਸ ਤੇ ਦੇ ਮੌਕੇ ਤੇ ਸਾਇੰਸ ਵਿਭਾਗ ਵੱਲੋਂ ਸਾਇੰਸ ਫੇਅਰ ਆਯੋਜਿਤ ਕਰਵਾਇਆ ਗਿਆ।



ਪੰਜਾਬ ਲਲਿਤ ਕਲਾ ਅਕੈਡਮੀ ਵੱਲੋਂ ਆਯੋਜਿਤ ਇੰਟਰ ਕਾਲਜ ਪੇਂਟਿੰਗ ਮੁਕਾਬਲੇ ਵਿੱਚ ਬੀ.ਏ ਭਾਗ ਤੀਜਾ ਦੀ ਵਿਦਿਆਰਥਣ ਡਾਲਮੀਆ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।



ਹੋਮ ਸਾਇੰਸ ਵਿਭਾਗ ਅਤੇ ਐਨ.ਐਸ.ਐਸ ਵੱਲੋਂ 'ਪੋਸ਼ਣ ਭੀ ਪਰੀਚੈ ਭੀ' ਵਿਸ਼ੇ ਤੇ ਨੁਕੜ ਨਾਟਕ ਅਤੇ ਰੈਲੀਆ ਯੋਜਿਤ ਕਰਵਾਈ ਗਈ।



ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਸੱਤ ਰੋਜ਼ਾ ਐਨ. ਐਸ. ਐਸ. ਕੈਂਪ ਲਗਾਇਆ ਗਿਆ।



ਕਾਲਜ ਦੇ ਹੋਮ ਸਾਇੰਸ ਵਿਭਾਗ ਅਤੇ ਬੋਟਨੀ ਵਿਭਾਗ ਵੱਲੋਂ ਵਿਦਿਆਰਥਣਾਂ ਨੂੰ ਹੋਰਟੀਕਲਚਰ ਦੇ ਪ੍ਰੋਗਰਾਮ ਵਿਖੇ ਲਜਾਇਆ।



ਕਾਲਜ ਦੀਆਂ ਵਿਦਿਆਰਥਣਾਂ ਸ਼ਾਲੂ ਸ਼ਰਮਾ ਅਤੇ ਰੇਨੂੰ ਨੇ ਰਿਪਬਲਿਕ ਡੇ ਪਰੇਡ, ਦਿੱਲੀ ਵਿੱਚ ਭਾਗ ਲਿਆ।



ਕਾਲਜ ਵਿਖੇ ਅਲੂਮਨਾਈ ਮੀਟ ਦੇ ਮੌਕੇ ਵਰਲਡ ਡਾਂਸ ਡੇ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਕਾਲਜ ਦੀਆਂ ਵੱਖ-ਵੱਖ ਵਿਦਿਆਰਥਣਾਂ ਨੇ ਨ੍ਰਿਤ ਅਤੇ ਗਾਇਨ ਦੀਆਂ ਗਤੀਵਿਧੀਆਂ ਵਿੱਚ ਭਾਗ ਲਿਆ।



ਪਲੇਸਮੈਂਟ ਸੈੱਲ ਦੇ ਅਧੀਨ ਫਾਈਨ ਆਰਟਸ ਵਿਭਾਗ ਵੱਲੋਂ ਕਰਵਾਈ ਗਈ ਵਰਕਸ਼ਾਪ।


NATIONAL CADET CORPS


ਐਫ਼ ਐਮ 100.2 MHz
ਤੁਹਾਡਾ ਆਪਣਾ ਰੇਡੀਓ...
ਆਕਾਸ਼ਵਾਣੀ ਪਟਿਆਲਾ


GOVT. COLLEGE FOR GIRLS, PATIALA
WELCOMES
ON
International Women's Day
(8th MARCH)


ਐਮਿਟੀ ਯੂਨੀਵਰਸਿਟੀ
AMITY UNIVERSITY


ਕਰਾਫਟ ਮੇਲਾ-ਰੰਗਲਾ


Old Students' Association


ਪੰਜਾਬੀ ਯੂਨੀਵਰਸਿਟੀ,





